ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

ਲੋਕ ਬਾਣੀ

ਐਤਵਾਰ, 26 ਮਾਰਚ 2023

Email : lokbani08@gmail.com

dailylokbani

ਸੰਡੇ ਸਪੈਸ਼ਲ



# ਬਦਲਦੇ ਮੌਸਮ ’ਚ ਸਿਹਤ ਨਾ ਖਰਾਬ ਹੋਵੇ ਤਾਂ ਖਾਣ-ਪੀਣ ਦਾ ਰੱਖੋ ਧਿਆਨ

**ਮਾਰਚ** ਮਹੀਨੇ ਦੇ ਖਤਮ ਹੋਣ ਨਾਲ ਹੀ ਗਰਮੀਆਂ ਦਾ ਮੌਸਮ ਸ਼ੁਰੂ ਹੋ ਜਾਵੇਗਾ। ਬਦਲਦੇ ਮੌਸਮ ਦਾ ਸਾਡੀ ਸਿਹਤ ’ਤੇ ਡੂੰਘਾ ਅਸਰ ਪੈਂਦਾ ਹੈ। ਅਜਿਹੇ ’ਚ ਇਹ ਬਹੁਤ ਜ਼ਰੂਰੀ ਹੈ ਕਿ ਮੌਸਮ ’ਚ ਬਦਲਾਅ ਦੇ ਨਾਲ-ਨਾਲ ਤੁਹਾਨੂੰ ਆਪਣੀ ਡਾਈਟ ’ਚ ਵੀ ਸਹੀ ਬਦਲਾਅ ਕਰਨਾ ਚਾਹੀਦਾ ਹੈ, ਤਾਂ ਜੋ ਤੁਸੀਂ ਖੁਦ ਨੂੰ ਸਿਹਤਮੰਦ ਰੱਖ ਸਕੋ। ਗਰਮੀ ਦੇ ਮੌਸਮ ’ਚ ਖਾਣ-ਪੀਣ ਦਾ ਖਾਸ ਧਿਆਨ ਰੱਖਣਾ ਪੈਂਦਾ ਹੈ। ਖਾਣ-ਪੀਣ ਵਿਚ ਥੋੜ੍ਹੀ ਜਿਹੀ ਲਾਪਰਵਾਹੀ ਇਸ ਮੌਸਮ ਵਿਚ ਉਲਟੀ, ਦਸਤ, ਸਿਰ ਦਰਦ, ਪੇਟ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਮੌਸਮ ’ਚ ਕਿਹੜੀਆਂ-ਕਿਹੜੀਆਂ ਚੀਜ਼ਾਂ ਨੂੰ ਆਪਣੀ ਡਾਈਟ ’ਚ ਸ਼ਾਮਲ ਕਰਨਾ ਚਾਹੀਦਾ ਹੈ। ਪਰ ਬਹੁਤ ਸਾਰੇ ਲੋਕ ਇਹ ਨਹੀਂ ਜਾਣਦੇ ਹਨ ਕਿ ਗਰਮੀਆਂ ਵਿੱਚ ਕੀ ਖਾਣਾ ਸਿਹਤ ਲਈ ਹਾਨੀਕਾਰਕ ਹੈ। ਅਜਿਹੇ ’ਚ ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਇਸ ਮੌਸਮ ’ਚ ਤੁਹਾਨੂੰ ਕਿਹੜੀਆਂ-ਕਿਹੜੀਆਂ ਚੀਜ਼ਾਂ ਖਾਣ-ਪੀਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਤੁਸੀਂ ਆਪਣੀ ਸਿਹਤ ਦਾ ਸਹੀ ਧਿਆਨ ਰੱਖ ਸਕਦੇ ਹੋ।

## ਮਸਾਲੇਦਾਰ ਅਤੇ ਤੇਲਯੁਕਤ ਭੋਜਨ

**ਭੋਜਨ** ਖਾਣ ਵਿੱਚ ਹਰ ਇੱਕ ਦਾ ਆਪਣਾ ਵੱਖਰਾ ਸਵਾਦ ਹੁੰਦਾ ਹੈ। ਜਦੋਂ ਕਿ ਬਹੁਤ ਸਾਰੇ ਲੋਕ ਸਾਦਾ ਭੋਜਨ ਖਾਣਾ ਪਸੰਦ ਕਰਦੇ ਹਨ, ਕੁਝ ਲੋਕ ਜ਼ਿਆਦਾ ਮਸਾਲੇਦਾਰ ਅਤੇ ਤੇਲਯੁਕਤ ਭੋਜਨ ਖਾਣਾ ਪਸੰਦ ਕਰਦੇ ਹਨ। ਪਰ ਗਰਮੀਆਂ ਦੇ ਮੌਸਮ ਵਿੱਚ ਤੁਹਾਨੂੰ ਜ਼ਿਆਦਾ ਤੇਲ ਅਤੇ ਮਸਾਲਿਆਂ ਦਾ ਸੇਵਨ ਕਰਨ ਤੋਂ ਬਚਣਾ ਚਾਹੀਦਾ ਹੈ। ਦਰਅਸਲ, ਇਸ ਤਰ੍ਹਾਂ ਦਾ ਭੋਜਨ ਤੁਹਾਡੇ ਪਾਚਨ ਨੂੰ ਵਿਗਾੜਦਾ ਹੈ। ਇਸ ਦੇ ਨਾਲ ਹੀ ਸਰੀਰ ’ਚ ਗਰਮੀ ਵੀ ਵਧ ਸਕਦੀ ਹੈ।

## ਜੰਕ ਫੂਡ

ਜੇਕਰ ਤੁਸੀਂ ਗਰਮੀ ਦੇ ਮੌਸਮ ਵਿੱਚ ਆਪਣੇ ਆਪ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ ਤਾਂ ਤੇਲਯੁਕਤ ਅਤੇ ਜੰਕ ਫੂਡ ਤੋਂ ਦੂਰ ਰਹੋ। ਦਰਅਸਲ, ਜ਼ਿਆਦਾ ਤੇਲਯੁਕਤ ਅਤੇ ਜੰਕ ਫੂਡ ਖਾਣ ਨਾਲ ਤੁਹਾਡੇ ਸਰੀਰ ਵਿਚ ਕੋਲੈਸਟ ?ਰੋਲ ਦਾ ਪੱਧਰ, ਚਰਬੀ ਆਦਿ ਵਧਦਾ ਹੈ। ਇਸ ਕਾਰਨ ਨਾ ਸਿਰਫ ਤੁਹਾਡਾ ਪੇਟ ਖਰਾਬ ਹੋ ਸਕਦਾ ਹੈ, ਸਗੋਂ ਫੂਡ ਪੋਇਜ਼ਨਿੰਗ ਦਾ ਖਤਰਾ ਵੀ ਵੱਧ ਜਾਂਦਾ ਹੈ।

## ਚਾਹ ਅਤੇ ਕੌਫੀ

ਕਈ ਲੋਕਾਂ ਨੂੰ ਦਿਨ ਵਿੱਚ ਚਾਰ ਤੋਂ ਪੰਜ ਕੱਪ ਚਾਹ ਜਾਂ ਕੌਫੀ ਪੀਣ ਦੀ ਆਦਤ ਹੁੰਦੀ ਹੈ। ਲੋਕ ਚਾਹ ਅਤੇ ਕੌਫੀ ਬਹੁਤ ਪੀਂਦੇ ਹਨ, ਖਾਸ ਕਰਕੇ ਦਫਤਰ ਆਦਿ ਵਿਚ ਕੰਮ ਕਰਦੇ ਸਮੇਂ। ਪਰ ਗਰਮੀਆਂ ਦੇ ਮੌਸਮ ਵਿੱਚ ਇਸ ਦਾ ਜ਼ਿਆਦਾ ਸੇਵਨ ਸਾਡੇ ਸਰੀਰ ਵਿੱਚ ਗਰਮੀ ਦਾ ਕਾਰਨ ਬਣ ਸਕਦਾ ਹੈ। ਨਾਲ ਹੀ, ਕੈਫੀਨ ਅਤੇ ਸ਼ੂਗਰ ਦੇ ਕਾਰਨ, ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ, ਜਿਸ ਨਾਲ ਡੀਹਾਈਡਰੇਸ਼ਨ ਹੋ ਸਕਦਾ ਹੈ।

## ਮੀਟ ਅਤੇ ਮੱਛੀ

**ਗਰਮੀਆਂ** ਦੇ ਮੌਸਮ ਵਿੱਚ ਮੀਟ ਅਤੇ ਮੱਛੀ ਦਾ ਜ਼ਿਆਦਾ ਸੇਵਨ ਕਰਨਾ ਵੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਅਸਲ ਵਿਚ ਇਸ ਨੂੰ ਹਜ਼ਮ ਕਰਨਾ ਔਖਾ ਹੁੰਦਾ ਹੈ। ਅਜਿਹੇ ’ਚ ਗਰਮੀਆਂ ’ਚ ਇਸ ਦਾ ਜ਼ਿਆਦਾ ਸੇਵਨ ਕਰਨ ਨਾਲ ਪਾਚਨ ਕਿਰਿਆ ਖਰਾਬ ਹੋ ਸਕਦੀ ਹੈ, ਜਿਸ ਕਾਰਨ ਤੁਸੀਂ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਸਕਦੇ ਹੋ। ਇਸ ਤੋਂ ਇਲਾਵਾ ਗਰਮੀਆਂ ’ਚ ਸ਼ਰਾਬ ਦਾ ਸੇਵਨ ਕਰਨ ਤੋਂ ਪਰਹੇਜ਼ ਕਰੋ, ਕਿਉਂਕਿ ਇਸ ਨਾਲ ਡੀਹਾਈਡ ?ਰੇਸ਼ਨ ਵੀ ਹੋ ਸਕਦੀ ਹੈ।

## ਆਈਸ ਕਰੀਮ ਅਤੇ ਕੋਲਡ ਡਰਿੰਕਸ

**ਗਰਮੀਆਂ** ਵਿੱਚ ਆਪਣੇ ਸਰੀਰ ਨੂੰ ਠੰਡਾ ਰੱਖਣ ਲਈ ਜ਼ਿਆਦਾਤਰ ਲੋਕ ਆਈਸਕ੍ਰੀਮ ਅਤੇ ਕੋਲਡ ਡਰਿੰਕਸ ਦਾ ਸੇਵਨ ਕਰਦੇ ਹਨ। ਪਰ ਕਾਰਬੋਨੇਟਿਡ ਡਰਿੰਕਸ ਦਾ ਸੇਵਨ ਤੁਹਾਡੇ ਲਈ ਨੁਕਸਾਨਦੇਹ ਵੀ ਸਾਬਤ ਹੋ ਸਕਦਾ ਹੈ। ਅਸਲ ਵਿੱਚ, ਇਹ ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਾ ਸਕਦਾ ਹੈ।






ਰੋਜ਼ਾਨਾ ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : Lokbani08@gmail.com
26 ਮਾਰਚ 2023
ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)




R.N.I. /Punpun/29016/2008/ • ਸਾਲ : 15 • ਅੰਕ : 83 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111

## ਧਰਤੀ ਨੂੰ ਸਭ ਤੋਂ ਵੱਡਾ ਖ਼ਤਰਾ ਆਵੇਗਾ ਪੁਲਾੜ ਤੋਂ : ਨਾਸਾ

**ਵਾਸ਼ਿੰਗਟਨ/ਲੋਕ ਬਾਣੀ**

ਨਾਸਾ ਦੇ ਵਿਗਿਆਨੀਆਂ ਵੱਲੋਂ ਜਾਰੀ ਹੁਣ ਤੱਕ ਦੀ ਸਭ ਤੋਂ ਵੱਡੀ ਚੇਤਾਵਨੀ ਨੇ ਸਵਾਲ ਚੁੱਕਿਆ ਹੈ ਕਿ ਕੀ ਧਰਤੀ 'ਤੇ ਕੋਈ ਤਬਾਹੀ ਹੋਣ ਵਾਲੀ ਹੈ ? ਵਿਗਿਆਨੀਆਂ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਪੁਲਾੜ ਤੋਂ ਧਰਤੀ ਵੱਲ ਵਧਣ ਵਾਲੀਆਂ ਚੱਟਾਨਾਂ ਦੇ ਟਕਰਾਉਣ ਦਾ ਖ਼ਤਰਾ ਹੈ। ਹੁਣ ਪੁਲਾੜ ਚਟਾਨਾਂ ਦੇ ਧਰਤੀ ਨਾਲ ਟਕਰਾਉਣ ਦਾ ਖ਼ਤਰਾ ਤਿੰਨ ਗੁਣਾ ਵੱਧ ਗਿਆ ਹੈ। ਜੇਕਰ ਇਹ ਚੱਟਾਨ ਧਰਤੀ ਨਾਲ ਟਕਰਾਉਂਦੀ ਹੈ ਤਾਂ ਇਹ ਐਟਮ ਬੰਬ ਨਾਲੋਂ 10 ਗੁਣਾ ਜ਼ਿਆਦਾ ਤਬਾਹੀ ਮਚਾ ਦੇਵੇਗੀ। ਅਮਰੀਕੀ ਪੁਲਾੜ ਏਜੰਸੀ ਮੁਤਾਬਕ ਖੋਜ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਚਟਾਨਾਂ ਵਰਗੇ ਦਿਸਣ ਵਾਲੇ ਐਸਟੇਰਾਇਡ ਧਰਤੀ ਨਾਲ ਟਕਰਾ ਕੇ ਵੱਡਾ ਨੁਕਸਾਨ ਕਰ ਸਕਦੇ ਹਨ। ਗੋਡਾਰਡ ਸਪੇਸ ਫਲਾਈਟ ਸੈਂਟਰ ਦੇ ਮੁੱਖ ਵਿਗਿਆਨੀ ਜੇਮਸ ਗਾਰਵਿਨ ਨੇ ਚੇਤਾਵਨੀ ਦਿੱਤੀ ਹੈ ਕਿ ਅਜਿਹੇ ਪੁਲਾੜ ਚੱਟਾਨਾਂ ਦੇ ਹਮਲੇ 7 ਲੱਖ ਸਾਲਾਂ ਵਿੱਚ ਇੱਕ ਵਾਰ ਹੁੰਦੇ ਹਨ। ਹਰ ਵਾਰ ਧਰਤੀ 'ਤੇ ਵੱਡੀ ਤਬਾਹੀ ਹੁੰਦੀ ਹੈ।

## ਦਿੱਲੀ 'ਚ ਅੰਮ੍ਰਿਤਪਾਲ ਮਾਮਲੇ ਵਿੱਚ ਪੁਲਿਸ ਨੇ ਸਖ਼ਤੀ ਵਧਾਈ

**ਦਿੱਲੀ/ਕਪੂਰ**

ਭਗੌੜੇ ਖਾਲਿਸਤਾਨੀ ਪੱਖੀ ਅੰਮ੍ਰਿਤਪਾਲ ਸਿੰਘ ਦੀ ਭਾਲ ਵਿਚ ਚੱਲ ਰਹੀ ਛਾਪੇਮਾਰੀ ਦੌਰਾਨ ਦਿੱਲੀ ਪੁਲੀਸ ਅਤੇ ਪੰਜਾਬ ਪੁਲੀਸ ਦੀਆਂ ਟੀਮਾਂ ਨੇ ਦਿੱਲੀ ਅਤੇ ਇਸ ਦੀ ਸਰਹੱਦ 'ਤੇ ਤਲਾਸ਼ੀ ਮੁਹਿੰਮ ਚਲਾਈ। ਦਿੱਲੀ ਪੁਲੀਸ ਦੇ ਸੂਤਰਾਂ ਨੇ ਦੱਸਿਆ ਕਿ ਖਾਲਿਸਤਾਨੀ ਸਮਰਥਕ ਜਥੇਬੰਦੀ ਵਾਰਿਸ ਪੰਜਾਬ ਦੇ ਦੇ ਮੁਖੀ ਦੇ ਦਿੱਲੀ 'ਚ ਹੋਣ ਦਾ ਸ਼ੱਕ ਹੈ। ਸੂਤਰਾਂ ਅਨੁਸਾਰ, ਦਿੱਲੀ ਦੇ ਅੰਤਰ ਰਾਜੀ ਬੱਸ ਟਰਮੀਨਲ 'ਤੇ ਖਾਲਿਸਤਾਨ ਦੇ ਹਮਦਰਦ ਅੰਮ੍ਰਿਤਪਾਲ ਨੂੰ ਵੇਖੇ ਜਾਣ ਦੀ ਖੁਫੀਆ ਸੂਚਨਾ ਮਿਲਣ ਤੋਂ ਬਾਅਦ ਦਿੱਲੀ ਪੁਲੀਸ ਅਤੇ ਪੰਜਾਬ ਪੁਲੀਸ ਦਿੱਲੀ ਅਤੇ ਇਸ ਦੀਆਂ ਸਰਹੱਦਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਖੁਫੀਆ ਜਾਣਕਾਰੀ ਮੁਤਾਬਕ ਉਹ ਉਹ ਸਾਧ ਦੇ ਭੇਸ ਵਿੱਚ ਹੋ ਸਕਦਾ ਹੈ। ਅੰਮ੍ਰਿਤਪਾਲ ਸਿੰਘ ਦੇ ਨਾਲ ਪਪਲਪ੍ਰੀਤ ਸਿੰਘ ਵੀ ਹੈ। ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਦੇ ਦਿੱਲੀ ਸਰਹੱਦ ਵਿੱਚ ਬੱਸ ਤੋਂ ਇਲਾਵਾ ਕਿਸੇ ਹੋਰ ਵਾਹਨ ਦੀ ਵਰਤੋਂ ਕਰਕੇ ਦਾਖਲ ਹੋਣ ਦਾ ਸ਼ੱਕ ਪ੍ਰਗਟਾਇਆ ਹੈ। ਅੰਮ੍ਰਿਤਪਾਲ ਸਿੰਘ ਦੇ ਸੂਬੇ ਵਿੱਚ ਦਾਖ਼ਲ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਇਹਤਿਆਤ ਵਜੋਂ ਉੱਤਰਾਖੰਡ ਦੇ ਦੇਹਰਾਦੂਨ, ਹਰਿਦੁਆਰ ਅਤੇ ਊਧਮ ਸਿੰਘ ਨਗਰ ਜ਼ਿਲ੍ਹਿਆਂ ਵਿੱਚ ਵੀ ਅਲਰਟ ਜਾਰੀ ਕੀਤਾ ਗਿਆ ਹੈ।



## ਦੇਸ਼ ਵਿੱਚ ਕੋਰੋਨਾ ਦੇ 1,590 ਨਵੇਂ ਮਾਮਲੇ ਮਿਲੇ

**ਜਲੰਧਰ/ਹਰਬੰਸ ਬਿੱਟੂ**

ਸਿਹਤ ਮੰਤਰਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਭਾਰਤ ਵਿਚ 1,590 ਨਵੇਂ ਕੋਵਿਡ-19 ਮਾਮਲੇ ਦਰਜ ਕੀਤੇ ਗਏ ਹਨ। ਇਹ 146 ਦਿਨਾਂ ਵਿਚ ਆਏ ਸਭ ਤੋਂ ਵੱਧ ਮਾਮਲੇ ਹਨ।

## ਕਾਂਗਰਸੀਆ ਨੇ ਚੰਡੀਗੜ੍ਹ 'ਚ ਰੋਕੀ ਰੇਲ




**ਚੰਡੀਗੜ੍ਹ/ਵਿਨੋਦ ਸ਼ਰਮਾ**

ਰਾਹੁਲ ਗਾਂਧੀ ਨੂੰ ਸੰਸਦ ਤੋਂ ਅਯੋਗ ਠਹਿਰਾਏ ਜਾਣ ਤੋਂ ਬਾਅਦ ਚੰਡੀਗੜ੍ਹ ਯੂਥ ਕਾਂਗਰਸ ਦੇ ਆਗੂਆਂ ਨੇ ਇੱਥੋਂ ਦੇ ਰੇਲਵੇ ਸਟੇਸ਼ਨ 'ਤੇ ਨਵੀਂ ਦਿੱਲੀ-ਚੰਡੀਗੜ੍ਹ ਸ਼ਤਾਬਦੀ ਰੇਲ ਗੱਡੀ ਨੂੰ ਰੋਕ ਕੇ ਰੋਸ ਪ੍ਰਦਰਸ਼ਨ ਕੀਤਾ।

## ਧਮਾਕੇ ਦੌਰਾਨ ਜੰਮੂ ਕਸ਼ਮੀਰ 'ਚ ਵਿਅਕਤੀ ਦੀ ਮੌਤ

**ਸ੍ਰੀਨਗਰ/ਲੋਕ ਬਾਣੀ**

ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿਚ ਇਕ ਸਕਰੈਪ ਫ਼ੈਕਟਰੀ ਵਿਚ ਮੋਰਟਾਰ ਦੇ ਗੋਲੇ ਨਾਲ ਹੋਏ ਧਮਾਕੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 6 ਲੋਕ ਜ਼ਖ਼ਮੀ ਹੋ ਗਏ ਹਨ। ਇਹ ਜਾਣਕਾਰੀ ਉੱਥੋਂ ਦੇ ਐਸ.ਐਸ.ਪੀ. ਬੇਨਾਮ ਤੋਸ਼ ਨੇ ਸਾਂਝੀ ਕੀਤੀ। ਮ੍ਰਿਤਕ ਦੀ ਪਛਾਣ ਮੋਹਨ ਲਾਲ ਵਾਸੀ ਰਾਜੌਰੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੋਰਟਾਰ ਸ਼ੈੱਲਾਂ ਨੂੰ ਬੇਅਸਰ ਕਰਨ ਤੋਂ ਬਾਅਦ ਇੱਥੇ ਲਿਆਂਦਾ ਜਾਂਦਾ ਹੈ।



## ਪੰਜਾਬ ਦੇ ਇੱਕ ਹੋਰ ਮੰਤਰੀ ਦਾ ਹੋਇਆ ਵਿਆਹ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਮਾਨਸਾ ਵਿਖੇ ਤਾਇਨਾਤ ਆਈਪੀਐੱਸ ਅਧਿਕਾਰੀ (ਐੱਸਪੀ) ਜੋਤੀ ਯਾਦਵ ਅੱਜ ਵਿਆਹ ਬੰਧਨ ਵਿਚ ਬੱਝ ਗਏ। ਇਸ ਵਿਆਹ ਵਿੱਚ ਸ਼ਾਮਲ ਹੋਣ ਲਈ ਗਏ ਮਾਨਸਾ ਦੇ ਅਧਿਕਾਰੀ ਨੇ ਦੱਸਿਆ ਕਿ ਨੰਗਲ ਵਿਖੇ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਆਨੰਦ ਕਾਰਜ ਹੋਏ ਹਨ ਅਤੇ ਵਿਆਹ ਸਬੰਧੀ ਸਮਾਗਮ ਐੱਨਐੱਫਐੱਲ ਸਟੇਡੀਅਮ ਵਿਖੇ ਕੀਤਾ ਜਾ ਰਿਹਾ ਹੈ।

## ਅਮਰੀਕਾ : ਫੈਕਟਰੀ 'ਚ ਧਮਾਕਾ, 5 ਮਰੇ



**ਵੈਸਟ ਰੀਡਿੰਗ/ਅਮਰੀਕਾ/ਲੋਕ ਬਾਣੀ**

ਅਮਰੀਕਾ ਦੇ ਪੈਨਸਿਲਵੇਨੀਆ ਰਾਜ ਵਿੱਚ ਸ਼ੁੱਕਰਵਾਰ ਸ਼ਾਮ ਨੂੰ ਇਕ ਚਾਕਲੇਟ ਫੈਕਟਰੀ 'ਚ ਹੋਏ ਧਮਾਕੇ ਵਿੱਚ 5 ਲੋਕਾਂ ਦੀ ਮੌਤ ਹੋ ਗਈ ਅਤੇ 6 ਲਾਪਤਾ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਵੈਸਟ ਰੀਡਿੰਗ ਵਿੱਚ ਸਥਿਤ ਆਰ.ਐੱਮ. ਪਾਮਰ ਕਾਰਪੋਰੇਸ਼ਨ ਪਲਾਂਟ ਵਿੱਚ ਅੱਗ ਸ਼ੁੱਕਰਵਾਰ ਸ਼ਾਮ 5 ਵਜੇ ਤੋਂ ਠੀਕ ਪਹਿਲਾਂ ਲੱਗੀ ਅਤੇ ਪੈਨਸਿਲਵੇਨੀਆ ਐਮਰਜੈਂਸੀ ਮੈਨੇਜਮੈਂਟ ਏਜੰਸੀ ਨੇ ਸ਼ਨੀਵਾਰ ਸਵੇਰੇ ਮਰਨ ਵਾਲਿਆਂ ਦੀ ਗਿਣਤੀ ਵਿੱਚ ਵਾਧੇ ਦੀ ਪੁਸ਼ਟੀ ਕੀਤੀ।

## ਜੰਮੂ ਕਸ਼ਮੀਰ ਤੋਂ ਕਾਬੂ ਕੀਤਾ ਪੁਲਿਸ ਨੇ ਅੰਮ੍ਰਿਤਪਾਲ ਮਾਮਲੇ ਵਿੱਚ ਇਕ ਜੋੜੇ ਨੂੰ



**ਜੰਮੂ/ਲੋਕ ਬਾਣੀ**

ਪੁਲੀਸ ਨੇ ਜੰਮੂ ਦੇ ਬਾਹਰੀ ਇਲਾਕੇ ਆਰਐੱਸ ਪੁਰਾ ਤੋਂ ਜੋੜੇ ਨੂੰ ਭਗੌੜੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਪਪਲਪ੍ਰੀਤ ਸਿੰਘ ਨਾਲ ਸਬੰਧ ਰੱਖਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਅਮਰੀਕ ਸਿੰਘ ਅਤੇ ਉਸ ਦੀ ਪਤਨੀ ਸਰਬਜੀਤ ਕੌਰ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਪੰਜਾਬ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।

## 'ਭਾਰਤ ਇਲੈਕਟ੍ਰਿਕ ਵਾਹਨਾਂ ਦੇ ਉਤਪਾਦਨ 'ਚ ਮਾਰੇਗਾ ਬਾਜ਼ੀ'

**ਦਿੱਲੀ/ਕਪੂਰ**

ਭਾਰਤ ਜਲਦੀ ਹੀ ਇਲੈਕਟ੍ਰਿਕ ਵਾਹਨਾਂ ਦੇ ਉਤਪਾਦਨ ਵਿੱਚ ਦੁਨੀਆ ਦਾ ਨੰਬਰ-1 ਦੇਸ਼ ਬਣ ਸਕਦਾ ਹੈ। ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ ਵੱਲੋਂ ਆਯੋਜਿਤ ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਭਾਰਤ ਜਲਦੀ ਹੀ ਆਤਮ-ਨਿਰਭਰ ਹੋਣ ਦੇ ਨਾਲ-ਨਾਲ ਇਲੈਕਟ੍ਰਿਕ ਵਾਹਨਾਂ ਦਾ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਬਣ ਸਕਦਾ ਹੈ।

## ਦੇਸ਼ ਦੀ ਰਾਜਧਾਨੀ ਦੇ ਹਸਪਤਾਲਾਂ ਵਿੱਚ ਹੋਵੇਗੀ ਕੋਵਿਡ ਮੌਕ ਡਰਿੱਲ

**ਦਿੱਲੀ/ਕਪੂਰ**

ਦਿੱਲੀ ਸਰਕਾਰ ਨੇ ਸਾਰੇ ਸਰਕਾਰੀ ਹਸਪਤਾਲਾਂ ਨੂੰ ਭਲਕੇ ਕੋਵਿਡ-19 ਅਤੇ ਇਨਫ਼ਲੂਐਂਜ਼ਾ ਕਿਸਮ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਆਕਸੀਜਨ ਦੀ ਉਪਲਬਧਤਾ ਸਮੇਤ ਸਿਹਤ, ਬੁਨਿਆਦੀ ਢਾਂਚੇ ਅਤੇ ਲੌਜਿਸਟਿਕਸ ਦੀ ਤਿਆਰੀ ਦੀ ਜਾਂਚ ਕਰਨ ਲਈ ਇਕ ਮੌਕ ਡਰਿੱਲ ਕਰਨ ਦੇ ਹੁਕਮ ਦਿੱਤੇ ਹਨ।

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998

agi infra
AGI INFRA LTD.
(BUILDERS & DEVELOPERS)
For Project Details Or Any Query Call: 0181-2681986
info@agiinfra.com | www.agiinfra.com



# ਡਿਪਸ ਚੇਨ ਦੀ ਕਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ









**ਜਲੰਧਰ/ਰਾਕੇਸ਼ ਵਰਮਾ**

ਡਿਪਸ ਚੈਨ ਵੱਲੋਂ ਡਿਪਸ ਕਾਲਜ (ਕੋ-ਐਜੂਕੇਸ਼ਨਲ) ਅਤੇ ਡਿਪਸ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਦਾ ਕਨਵੋਕੇਸ਼ਨ ਸਮਾਰੋਹ ਕਰਵਾਇਆ ਗਿਆ। ਇਸ ਦਿਨ ਸਾਰੇ ਵਿਦਿਆਰਥੀਆਂ ਦੇ ਚਿਹਰਿਆਂ ’ਤੇ ਮੁਸਕਰਾਹਟ ਅਤੇ ਦਿਲਾਂ ਵਿੱਚ ਉਤਸ਼ਾਹ ਸੀ। ਚਾਰੇ ਪਾਸੇ ਖ਼ੁਸ਼ੀ ਨਾਲ ਭਰਿਆ ਮਾਹੌਲ ਇਸ ਪ੍ਰੋਗਰਾਮ ਨੂੰ ਹੋਰ ਵੀ ਯਾਦਗਾਰੀ ਬਣਾ ਰਿਹਾ ਸੀ। ਇਸ ਸਮਾਗਮ ਵਿੱਚ ਡਿਪਸ ਕਾਲਜ ਦੇ ਪਾਸ ਆਊਟ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸੰਸਦ ਮੈਂਬਰ ਰਾਜ ਸਭਾ ਪਦਮਸ੍ਰੀ ਸੰਤ ਬਲਵੀਰ ਸਿੰਘ ਸੀਚੇਵਾਲਦੇ ਨਾਲਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ,ਵਾਈਸ ਚੇਅਰਪਰਸਨ ਪ੍ਰੀਤਇੰਦਰ ਕੌਰ, ਸੀਈਓ ਮੋਨਿਕਾ ਮੰਡੋਤਰਾ, ਡਿਪਸ ਕਾਲੇਜ ਦੇ ਡਾਇਰੇਕਟਰ ਡਾ. ਕੇਕੇ ਹਾਂਡੂ, ਰਿਟਾਇਰਡਮੈਂਟ ਕਾਲਜ ਦੇ ਪ੍ਰਿੰਸੀਪਲ ਬਿਕਰਮ ਸਿੰਘ ਵਿਰਕ,ਡਿਪਸ ਸਕੂਲ ਦੀ ਪ੍ਰਿੰਸਿਪਲਰੇਣੂਕਾ ਗੁਲੇਰੀਆ ਸ਼ਾਮਲ ਹੋਏ।

ਵਾਈਸ ਚੇਅਰਪਰਸਨ ਪ੍ਰੀਤ ਇੰਦਰਕੌਰ, ਸੀਈਓ ਮੋਨਿਕਾਮੰਡੋਤਰਾ ਨੇ ਮੁੱਖ ਮਹਿਮਾਨ ਸੰਤ ਬਲਵੀਰ ਸਿੰਘ ਸੀਚੇਵਾਲ ਦਾ ਫੁੱਲਾਂ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸ਼ਮ ?ਹਾਂ ਰੌਸ਼ਨ ਕਰਕੇ ਅਤੇ ਸ਼ਬਦ ਗਾਇਨ ਕਰਕੇ ਕੀਤੀ ਗਈ। ਇਸ ਉਪਰੰਤ 75 ਬੀ.ਐੱਡ ਗ੍ਰੈਜੂਏਟ, 63 ਪੋਸਟ ਗ੍ਰੈਜੂਏਟ ਅਤੇ 237 ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ। ਸੰਤ ਸੀਚੇਵਾਲ ਨੇ ਵਿਦਿਆਰਥੀਆਂ ਨੂੰ ਡਿਗਰੀ ਮਿਲਣ ’ਤੇ ਵਧਾਈ ਦਿੱਤੀ ਹੈ। ਉਨ੍ਹਾਂ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਪਾ ਕੇ ਦੇਸ਼ ਲਈ ਚੰਗੇ ਨਾਗਰਿਕ ਬਣਾਉਣ ਲਈ ਅਧਿਆਪਕਾਂ, ਪ੍ਰਿੰਸੀਪਲ ਅਤੇ ਸਕੂਲ ਕਾਲਜ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਡਿਗਰੀ ਉਦੋਂ ਲਾਭਦਾਇਕ ਹੁੰਦੀ ਹੈ ਜਦੋਂ ਤੁਸੀਂ ਕਿਤੇ ਨੌਕਰੀ ਕਰਨਾ ਚਾਹੁੰਦੇ ਹੋ, ਪਰ ਸਮਾਜ ਵਿੱਚ ਰਹਿੰਦਿਆਂ ਤੁਹਾਡੀ ਪਛਾਣ ਤੁਹਾਡੇ ਚੰਗੇ ਸੁਭਾਅ, ਬੋਲਣ, ਲਿਖਣ, ਬੈਠਣ ਤੋਂ ਹੁੰਦੀ ਹੈ, ਜਦੋਂ ਤੁਸੀਂ ਦੂਜਿਆਂ ਦੇ ਸਾਹਮਣੇ ਚੰਗੀ ਮਿਸਾਲ ਪੇਸ਼ ਕਰਦੇ ਹੋ ਤਾਂ ਉਹ ਤੁਹਾਡੀ ਇੱਜ਼ਤ ਕਰਨਗੇ।ਉਹ ਸਿੱਖਿਆ ਕਾਲਜ ਅਤੇ ਅਧਿਆਪਕਾਂ ਬਾਰੇ ਪੁੱਛਦੇ ਹਨ, ਇਸ ਲਈ ਡਿਗਰੀ ਪ੍ਰਾਪਤ ਕਰਨ ਦੇ ਨਾਲ-ਨਾਲ ਆਪਣਾ ਵਿਹਾਰ ਅਤੇ ਕਰਮ ਚੰਗੇ ਬਣਾਓ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਸਾਨੂੰ ਪਾਣੀ ਅਤੇ ਵਾਤਾਵਰਨ ਨੂੰ ਬਚਾਉਣਾ ਚਾਹੀਦਾ ਹੈ ਅਤੇ ਇਸ ਦੀ ਬੇਲੋੜੀ ਵਰਤੋਂ ਨਹੀਂ ਕਰਨੀ ਚਾਹੀਦੀ। ਅੱਜ ਸਾਡੀ ਪਹਿਲੀ ਲੋੜ ਰੋਟੀ ਦੀ ਹੈ ਪਰ ਜੋ ਮਾਪੇ ਜਾਗਰੂਕ ਹਨ ਅਤੇ ਸਿੱਖਿਆ ਦੀ ਮਹੱਤਤਾ ਨੂੰ ਸਮਝਦੇ ਹਨ ਉਹ ਅੱਧੀ ਰੋਟੀ ਖਾ ਕੇ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਪਹਿਚਾਣ ਦਿਵਾਉਣ ਦੀ ਕੋਸ਼ਿਸ਼ ਕਰਦੇ ਹਨ।ਜੇਕਰ ਤੁਹਾਡੇ ਮਾਤਾ-ਪਿਤਾ ਨੂੰ ਵੀ ਤੁਹਾਡੀ ਲੋੜ ਹੈ ਤਾਂ ਤੁਸੀਂ ਹਮੇਸ਼ਾ ਉਨ੍ਹਾਂ ਦਾ ਸਾਥ ਦਿਓ, ਅਤੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਕਰੋ।

ਐਮਡੀ ਸਰਦਾਰ ਤਰਵਿੰਦਰ ਸਿੰਘ ਨੇ ਸਾਰੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਦੇਸ਼ ਦੇ ਚੰਗੇ ਨਾਗਰਿਕ ਬਣ ਕੇ ਹਮੇਸ਼ਾ ਡਿਪਸ ਚੇਨ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਡਿਪਸ ਮੈਨੇਜਮੈਂਟ ’ਤੇ ਭਰੋਸਾ ਕੀਤਾ ਅਤੇ ਆਪਣੇ ਬੱਚਿਆਂ ਨੂੰ ਇੱਥੇ ਪੜ੍ਹਨ ਲਈ ਭੇਜਿਆ। ਸੀਈਓ ਮੋਨਿਕਾ ਮੰਡੋਤਰਾ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਤੁਸੀਂ ਆਪਣੀ ਜ਼ਿੰਦਗੀ ਦਾ ਦੂਜਾ ਅਧਿਆਏ ਸ਼ੁਰੂ ਕਰਨ ਜਾ ਰਹੇ ਹੋ। ਤੁਸੀਂ ਆਪਣੇ ਕਰੀਅਰ ਦੇ ਸਫ਼ਰ ਵਿੱਚ ਸਖ਼ਤ ਮਿਹਨਤ ਕਰੋ ਅਤੇ ਆਪਣੇ ਸੁਪਨਿਆਂ ਦੀ ਮੰਜ਼ਿਲ ਨੂੰ ਪ੍ਰਾਪਤ ਕਰੋ।ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਡਿਪਸ ਕਾਲਜ(ਕੋ ਐਜੂਕੇਸ਼ਨਲ) ਦੀ ਕੋਡਿਨੇਟਰ ਹਰਪ੍ਰੀਤ ਕੌਰ, ਡਿਪਸ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ: ਮੁਕੇਸ਼ ਕੁਮਾਰ ਅਤੇਸਹਾਇਕ ਪ੍ਰੋਫੈਸਰ ਰੋਹਿਨੀ ਮਰਵਾਹਾ ਅਤੇ ਸਮੂਹ ਸਟਾਫ ਦੀ ਮਦਦ ਨਾਲ ਆਯੋਜਨ ਕੀਤਾ ਗਿਆ।

# ਸੁਆਹ ਦੇ ਮਸਲੇ ’ਤੇ ਲੋਕ ਸੰਘਰਸ਼ ਮੰਚ ਫੂਕੇਗਾ ਜਿਲਾ ਪ੍ਰਸ਼ਾਸਨ, ਪਾਵਰ ਪਲਾਂਟ ਅਤੇ ਖੰਡ ਮਿੱਲ ਦੇ ਪ੍ਰਬੰਧਕਾਂ ਦੇ ਪੁਤਲੇ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਵਿੱਚ ਚੱਲ ਰਹੇ ਕੋਜੈਨਰੇਸ਼ਨ ਪਾਵਰ ਪਲਾਂਟ ਚੋਂ ਨਿਕਲਕੇ ਸ਼ਹਿਰ ਵਾਸੀਆਂ ਉੱਤੇ ਡਿੱਗਦੀ ਖਤਰਨਾਕ ਸੁਆਹ ਬੰਦ ਕਰਾਉਣ ਦੀ ਮੰਗ ਨੂੰ ਲੈਕੇ ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਸ਼ਹਿਰ ਦੇ ਵਾਰਡਾਂ ਅਤੇ ਮੁਹੱਲਿਆਂ ਵਿੱਚ ਜਿਲਾ ਪ੍ਰਸ਼ਾਸਨ, ਪਲਿਊਸ਼ਨ ਕੰਟਰੋਲ ਬੋਰਡ, ਪਾਵਰ ਪਲਾਂਟ ਅਤੇ ਖੰਡ ਮਿੱਲ ਦੇ ਪ੍ਰਬੰਧਕਾਂ ਦੀਆਂ ਅਰਥੀਆਂ ਫੂਕੇਗਾ।ਇਹ ਫੈਸਲਾ ਅੱਜ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਹੋਈ ਮੰਚ ਦੀ ਮੀਟਿੰਗ ਵਿੱਚ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਕਨਵੀਨਰ ਜਸਬੀਰ ਦੀਪ ਨੇ ਦੱਸਿਆ ਕਿ ਨਵਾਂਸ਼ਹਿਰ ਵਾਸੀ ਪਿਛਲੇ ਚਾਰ ਮਹੀਨਿਆਂ ਤੋਂ ਇਸ ਸੁਆਹ ਦਾ ਸੰਤਾਪ ਭੋਗ ਰਹੇ ਹਨ।ਵਾਰ ਵਾਰ ਪਹੁੰਚ ਕਰਨ ਦੇ ਬਾਵਜੂਦ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ, ਖੰਡ ਮਿੱਲ ਦਾ ਜਨਰਲ ਮੈਨੇਜਰ ਸੁਰਿੰਦਰ ਕੁਮਾਰ ਅਤੇ ਪਾਵਰ ਪਲਾਂਟ ਦਾ ਪ੍ਰਧਾਨ ਐਸ. ਬੰਧੋਉਪਾਧਿਆਏ ਲਾਰੇ ਲਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਕਰ ਰਹੇ।ਇਹ ਅਧਿਕਾਰੀ ਸ਼ਹਿਰ ਵਾਸੀਆਂ ਨਾਲ ਨਿੱਤ ਨਵਾਂ ਝੂਠ ਮਾਰ ਰਹੇ ਹਨ ਜਦਕਿ ਇਹ ਸੁਆਹ ਸ਼ਹਿਰ ਵਾਸੀਆਂ ਦੀ ਸਿਹਤ ਲਈ ਮੁਸੀਬਤ ਬਣੀ ਹੋਈ ਹੈ।ਖੰਡ ਮਿੱਲ ਦਾ ਜਨਰਲ ਮੈਨੇਜਰ ਬੈੱਟ ਸਕਰੱਬਰ ਨੂੰ ਚਾਲੂ ਕਰਨ ਲਈ ਸਮਾਂ ਦੇਣ ਲਈ ਤਿਆਰ ਨਹੀਂ ਹੋ ਰਿਹਾ, ਬਹਾਨੇ ਘੜ੍ਹ ਰਿਹਾ ਹੈ।ਡਿਪਟੀ ਕਮਿਸ਼ਨਰ ਇਹ ਕੰਮ ਕਰਾਉਣ ਲਈ ਆਪਣੀ ਜਿੰਮੇਵਾਰੀ ਨਹੀਂ ਨਿਭਾ ਰਿਹਾ।ਕੋਜੈਨਰੇਸ਼ਨ ਪਾਵਰ ਪਲਾਂਟ ਦੇ ਪ੍ਰਬੰਧਕ ਨਿੱਤ ਨਵੇਂ ਛੋਛੇ ਛੱਡ ਰਹੇ ਹਨ।ਪੋਲੂਸ਼ਨ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੇ ਜਾਣਬੁੱਝ ਕੇ ਅੱਖਾਂ ਮੀਟੀਆਂ ਹੋਈਆਂ ਹਨ।ਪੰਜਾਬ ਵਿਧਾਨ ਸਭਾ ਵਿੱਚ ਇਹ ਮੁੱਦਾ ਉੱਠਣ ਉੱਤੇ ਵੀ ਭਗਵੰਤ ਮਾਨ ਦੀ ਸਰਕਾਰ ਦੇ ਸਿਰ ਉੱਤੇ ਜੂੰ ਨਹੀਂ ਸਰਕੀ।ਉਹਨਾਂ ਦੱਸਿਆ ਕਿ 26 ਮਾਰਚ ਨੂੰ ਸ਼ਾਮ 5 ਵਜੇ ਗੁਰੂ ਤੇਗਬਹਾਦਰ ਨਗਰ,27 ਮਾਰਚ ਨੂੰ ਸੈਣੀ ਟਾਵਰ ਵਾਲੀ ਗਲੀ ਵਿੱਚ ਅਤੇ 28 ਮਾਰਚ ਨੂੰ ਡਾਕਟਰ ਅੰਬੇਡਕਰ ਭਵਨ ਕੋਲ ਉਕਤ ਅਧਿਕਾਰੀਆਂ ਦੇ ਪੁਤਲੇ ਫੂਕੇ ਜਾਣਗੇ।ਅੱਜ ਦੀ ਮੀਟਿੰਗ ਵਿੱਚ ਸਤੀਸ਼ ਕੁਮਾਰ, ਸੋਹਨ ਸਿੰਘ ਸਲੇਮਪੁਰੀ, ਹਰੇ ਰਾਮ ਸਿੰਘ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਜਰਨੈਲ ਸਿੰਘ ਖਾਲਸਾ, ਰਣਜੀਤ ਸਿੰਘ, ਸੁਭਾਸ਼ ਚੰਦਰ ਅਰੋੜਾ, ਸਤਨਾਮ ਸਿੰਘ ਗੁਲਾਟੀ, ਵਿਦਿਆਰਥੀ ਆਗੂ ਬਲਜੀਤ ਸਿੰਘ ਧਰਮਕੋਟ, ਪਰਵੀਨ ਕੁਮਾਰ ਨਿਰਾਲਾ, ਸੁਤੰਤਰ ਕੁਮਾਰ, ਬਲਵੀਰ ਕੁਮਾਰ, ਮੁਕੰਦ ਲਾਲ, ਅਮਰੀਕ ਸਿੰਘ, ਹਰਬੰਸ ਕੌਰ ਅਤੇ ਹਰਪਾਲ ਕੌਰ ਨੇ ਵਿਚਾਰ ਪੇਸ਼ ਕੀਤੇ



# ਐਸ ਡੀ ਗੁਪਤਾ ਸਕੂਲ ਗਿਆਸਪੁਰਾ ਵਿਖੇ ਵਰਲਡ ਟਿਊਬਰਕਲੋਸਿਸ ਡੇ ਮਨਾਇਆ

**ਲੁਧਿਆਣਾ/ਸ਼ੰਮੀ ਕੁਮਾਰ**

ਐਸ ਡੀ ਗੁਪਤਾ ਮੈਮੋਰੀਅਲ ਕਾਨਵੇਂਟ ਸਕੂਲ ਲਛਮਣ ਨਗਰ ਗਿਆਸਪੁਰਾ ਵਿਖੇ ਵਰਲਡ ਟਿਊਬਰਕਲੋਸਿਸ ਡੇ ਮਨਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਉਤਸ਼ਾਹ ਦਿਖਾਇਆ ਇਸ ਮੌਕੇ ਸਕੂਲ ਦੇ ਸਾਇੰਸ ਅਧਿਆਪਕ ਮੈਡਮ ਹਰਦੀਪ ਕੌਰ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਕਿਹਾ ਕਿ 24 ਮਾਰਚ 1882 ਨੂੰ, ਡਾ. ਰਾਬਰਟ ਕੋਚ ਨੇ ਟੀਬੀ (ਮਾਈਕੋਬੈਕਟੀਰੀਅਮ ਟੀਬੀ) ਦੇ ਕਾਰਕ ਬੈਕਟੀਰੀਆ ਦੀ ਖੋਜ ਕੀਤੀ। ਉਨ੍ਹਾਂ ਦੀ ਖੋਜ ਨੇ ਟੀਬੀ ਦੇ ਨਿਦਾਨ ਅਤੇ ਇਲਾਜ ਲਈ ਰਾਹ ਪੱਧਰਾ ਕੀਤਾ।



ਅੱਜ ਵੀ ਟੀਬੀ ਸਭ ਤੋਂ ਘਾਤਕ ਛੂਤ ਦੀਆਂ ਬਿਮਾਰੀਆਂ ਵਿੱਚੋਂ ਇੱਕ ਹੈ। ਸਕੂਲ ਦੇ ਡਾਇਰੈਕਟਰ ਨੇਹਾ ਗਰਗ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਟੀਬੀ ਇਕ ਛੂਤ ਦੀ ਬਿਮਾਰੀ ਹੈ, ਜੋ ਕਿ ਸਾਹ ਲੈਣ, ਹੱਸਣ ਅਤੇ ਛਿੱਕਣ ਨਾਲ ਉਨ੍ਹਾਂ ਲੋਕਾਂ 'ਚ ਫੈਲ ਸਕਦੀ ਹੈ, ਜਿਨ੍ਹਾਂ ਦਾ ਇਮਊਨਿਟੀ ਸਿਸਟਮ ਘੱਟ ਹੈ। ਮੈਡੀਕਲ ਭਾਸ਼ਾ 'ਚ ਟਿਊਬਰਕਲੋਸਿਸ ਬੈਕਟੀਰੀਆ ਹਵਾ ਦੇ ਮਾਧਿਅਮ ਨਾਲ ਇਕ ਵਿਅਕਤੀ ਤੋਂ ਦੂਜੇ ਵਿਅਕਤੀ 'ਚ ਆਸਾਨੀ ਨਾਲ ਚਲਾ ਜਾਂਦਾ ਹੈ। ਟੀਬੀ ਦੀ ਬਿਮਾਰੀ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਟੀਬੀ ਸਿਰਫ ਸਾਹ ਸਬੰਧੀ ਮੁਸ਼ਕਲਾਂ ਹੀ ਪੈਦਾ ਨਹੀਂ ਕਰਦੀ, ਸਗੋਂ ਟੀਬੀ ਸਰੀਰ ਦੇ ਕਿਸੇ ਵੀ ਅੰਗ 'ਚ ਹੋ ਸਕਦਾ ਹੈ, ਜੋ ਕਿ ਰੀੜ੍ਹ ਦੀ ਹੱਡੀ, ਢਿੱਡ ਅਤੇ ਦਿਮਾਗ 'ਚ ਵੀ ਹੋ ਸਕਦਾ ਹੈ। ਜੇਕਰ ਸਮਾਂ ਰਹਿੰਦੇ ਡਾਕਟਰ ਕੋਲ ਨਾ ਜਾਇਆ ਜਾਵੇ ਤਾਂ ਇਹ ਬਿਮਾਰੀ ਖ਼ਤਰਨਾਕ ਹੋ ਸਕਦੀ ਹੈ। ਇਸ ਮੌਕੇ ਸਕੂਲ ਦੇ ਅਧਿਆਪਕ ਵੀ ਮੌਜੂਦ ਸਨ।

## 8 ਅਪ੍ਰੈਲ ਲਈ ਵਿਸ਼ੇਸ਼

# ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਜੀ ਦੇ ਪ੍ਰਕਾਸ਼ ਉਤਸਵ 'ਤੇ ਵਿਸ਼ੇਸ

**ਗੋਸਵਾਮੀ** ਸ੍ਰੀ ਗੁਰੂ ਨਾਭਾ ਦਾਸ ਜੀ ਇਕ ਮਹਾਨ ਯੋਗ ਸਾਧਕ, ਲੇਖਕ, ਤਪਸਵੀ, ਪਥ-ਪ੍ਰਦਰਸ਼ਨ ਅਤੇ ਮਾਨਵਕ ਕਲਿਆਣ ਰੁਚੀਆਂ ਦੇ ਸਵਾਮੀ ਸਨ। ਛੋਟੀ ਉਮਰ ਵਿਚ ਹੀ ਉਹ ਯੋਗ ਸਿਖਿਆ ਦੇ ਲਈ ਅਪਣੇ ਗੁਰੂ ਸਵਾਮੀ ਅਗਰਦੇਵ ਜੀ ਕੋਲ ਚਲੇ ਗਏ । ਸਵਾਮੀ ਅਗਰਦੇਵ ਜੀ ਨੇ ਸ੍ਰੀ ਗੁਰੂ ਨਾਭਾ ਦਾਸ ਜੀ ਨੂੰ ਛੋਟੀ ਉਮਰ ਵਿਚ ਹੀ ਜੰਗਲਾਂ ਤੋਂ ਪ੍ਰਾਪਤ ਕੀਤਾ ਸੀ । ਕਿਹਾ ਜਾਂਦਾ ਹੈ ਕਿ ਜਦੋਂ ਸ੍ਰੀ ਹਨੂਮਾਨ ਜੀ ਦੇ ਅੰਗ 'ਚੋਂ ਪਸੀਨਾ ਡਿੱਗਿਆ, ਜਿਸ ਨੂੰ ਸ਼ਿਵ ਜੀ ਮਹਾਰਾਜ ਨੇ ਇਕ ਬਰਤਨ ਵਿਚ ਸੰਭਾਲ ਕੇ ਰੱਖ ਲਿਆ । ਫ਼ ?ਰ ਉਸ ਪਸੀਨੇ ਨੂੰ ਉਨ੍ਹਾਂ ਨੇ ਅੰਬਰ ਤੋਂ ਧਰਤੀ ਵੱਲ ਭੇਜਿਆ, ਜਿਸ ਨੂੰ ਸ੍ਰੀਮਤੀ ਜਾਨਕੀ ਸੁਪਤਨੀ ਸ੍ਰੀ ਰਾਮ ਦਾਸ ਜੀ ਨੇ ਅਪਣਾ ਲਿਆ । ਜਿਸ 'ਚੋਂ ਸ੍ਰੀ ਗੁਰੂ ਨਾਭਾ ਦਾਸ ਜੀ ਦਾ ਜਨਮ ਹੋਇਆ ।

ਸ੍ਰੀ ਗੁਰੂ ਨਾਭਾ ਦਾਸ ਜਾਤੀ ਦੇ ਡੂਮ ਜਾਂ ਡੋਮ ਸਨ । ਪੰਜਾਬ ਵਿਚ ਆਰਿਆ ਸਮਾਜ ਨੇ ਡੂਮ ਜਾਤੀ ਨੂੰ ਮਹਾਸ਼ਾ ਜਾਤੀ ਦਾ ਨਾਮ ਦਿੱਤਾ ਹੈ । ਇਨ੍ਹਾਂ ਦੀ ਪੀੜੀ ਨੂੰ ਹਨੂੰਮਾਨ ਵੰਸ਼ੀਏ ਜਾਂ ਲਾਗੂਲੀ ਬ੍ਰਾਹਮਣ ਵੀ ਕਹਿੰਦੇ ਹਨ । ਭਾਰਤ ਦੇ ਹਰ ਹਿਸੇ ਵਿਚ ਇਹ ਲੋਕ ਮੌਜੂਦ ਹਨ । ਸ੍ਰੀ ਗੁਰੂ ਨਾਭਾ ਦਾਸ ਜੀ ਦੀ ਪ੍ਰਮੁੱਖ ਗੱਦੀ ਸ੍ਰੀ ਗਾਲਿਬ ਮੁਨੀ ਜੀ ਦੀ ਹੈ ਜੋ ਰਾਜਸਥਾਨ ਵਿਚ ਜੈਪੁਰ ਦੇ ਨਜ਼ਦੀਕ ਹੈ ।

ਇਤਿਹਾਸ ਦੱਸਦਾ ਹੈ ਕਿ ਸਵਾਮੀ ਅਗਰਦੇਵ ਜੀ ਦੀ ਰਾਹਨੁਮਾਈ (ਸ਼ਰਣ) ਵਿਚ ਰਹਿ ਕੇ ਨਾਭਾ ਜੀ ਨੇ ਜਿਥੇ ਉਚ ਸਿੱਖਿਆ ਪ੍ਰਾਪਤ ਕੀਤੀ ਉਥੇ ਉਸ ਸਥਾਨ ਦੀ ਖੂਬ ਸੇਵਾ ਵੀ ਕੀਤੀ । ਇਥੇ ਰਹਿ ਕੇ ਉਨ੍ਹਾਂ ਨੇ ਸੇਵਾ ਭਾਵ, ਨਿਮਰਤਾ, ਲੇਖਣ, ਤਪਸਿਆ ਅਤੇ ਯੋਗ ਵਿਦਿਆ ਹਾਸਿਲ ਕੀਤੀ । ਜਿਸ ਦੇ ਸਹਿਯੋਗ ਨਾਲ ਉਨ੍ਹਾਂ ਦੀ ਸਾਧਨਾ ਅਤੇ ਲੇਖਣੀਂ ਵਿਚ ਕਾਫ਼ੀ ਪਰਪੱਕਤਾ ਆ ਗਈ । ਜਿਸ ਦੇ ਫਲਸਰੂਪ ਉਨ੍ਹਾਂ ਨੇ 513 ਭਗਤਾਂ ਦੇ ਚਰਿੱਤਰ ਲਿਖੇ । ਇਸ ਪੁਸਤਕ ਦੀ ਸ਼ੈਲੀ, ਸ਼ਬਦਾਵਲੀ, ਬਹੁਤ ਉਚ ਦਰਜ਼ੇ ਦੀ ਹੈ । ਉਸ ਸਮੇਂ ਇਹ ਪੁਸਤਕ ਬਹੁਤ ਮਸ਼ਹੂਰ ਹੋਈ ਜੋ ਅੱਜ ਵੀ ਮੌਜੂਦ ਹੈ । ਗੁਰੂ ਨਾਭਾ ਦਾਸ ਜੀ ਦੇ ਗੁਰੂ ਅਗਰਦੇਵ ਜੀ ਉਹ ਪੁਸਤਕ ਲੈ ਕੇ ਬਨਾਰਸ ਗਏ, ਜਿਸ ਉਤੇ ਵਿਦਵਾਨਾਂ ਨੇ ਸਮੀਕਸ਼ਾ ਕੀਤੀ ਤੇ ਉਥੇ ਹੀ ਭਗਤਮਾਲਾ ਪੁਸਤਕ ਦਾ ਵਿਮੋਚਨ ਹੋਇਆ । ਗੋਸ਼ਠੀਆ ਹੋਈਆਂ ਅਤੇ ਗੁਰੂ ਨਾਭਾ ਦਾਸ ਜੀ ਨੂੰ ਉਥੇ ਗੋਸਵਾਮੀ ਦੀ ਪਦਵੀ ਨਾਲ ਸੁਸ਼ੋਭਿਤ ਕੀਤਾ ਗਿਆ । ਇਸ ਪੁਸਤਕ ਦੇ ਸੰਦਰਭ ਵਿਚ ਇਕ ਬਹੁਤ ਵੱਡਾ ਭੰਡਾਰਾ ਕੀਤਾ ਗਿਆ । ਚੰਦਨ ਦੀ ਲਕੜੀ ਨਾਲ ਭੋਜਣ ਪਕਾਇਆ ਗਿਆ । ਇਸ ਭੰਡਾਰੇ ਵਿਚ ਅਨੇਕਾਂ ਹੀ ਵੈਸ਼ਣਵੀ ਸਾਧੂ ਸ਼ਾਮਿਲ ਹੋਏ । ਉਨ੍ਹਾਂ ਵਿਚ ਗੋਸਵਾਮੀ ਤੁਲਸੀ ਦਾਸ ਜੀ ਵੀ ਸਨ । ਪੁਸਤਕ ਭਗਤ ਮਾਲਾ ਗੋਸਵਾਮੀ ਨਾਭਾ ਦਾਸ ਜੀ ਦੀ ਜ਼ਿੰਦਗੀ ਵਿਚ ਹੀ ਬਹੁਤ ਮਸ਼ਹੂਰ ਹੋ ਗਈ ਸੀ ਅਤੇ ਕਈ ਸਾਲ ਇਸ ਦਾ ਪ੍ਰਚਾਰ ਰਿਹਾ । ਮੰਦਿਰਾਂ ਵਿਚ ਇਸ ਦੀ ਕਥਾ ਹੁੰਦੀ ਸੀ । ਟੀਕਾ ਸ੍ਰੀ ਪ੍ਰੀਆ ਦਾਸ ਅਨੁਸਾਰ ਉਨ੍ਹਾਂ ਦਾ ਪਰਮ ਆਗਮਨ (ਜਨਮ) 1543 ਈ. ਮੰਨਿਆ ਜਾਂਦਾ ਹੈ । ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਜੀ ਦੇ ਵੰਸਜ (ਅਨੁਯਾਈ) ਉਨ੍ਹਾਂ ਦੀ ਯਾਦ ਵਿਚ ਸਾਰੇ ਭਾਰਤ ਵਿਚ ਪ੍ਰਕਾਸ਼ ਉਤਸਵ ਸ਼ਰਧਾ ਤੇ ਧੂਮ-ਧਾਮ ਨਾਲ ਮਨਾਉਂਦੇ ਹਨ । ਅੱਠ ਅਪ੍ਰੈਲ ਨੂੰ ਉਨ੍ਹਾਂ ਦਾ ਪ੍ਰਕਾਸ਼ ਉਤਸਵ ਪਿੰਡ ਹੱਲਾ ਚਾਹੀਆ ਗੁਰਦਾਸਪੁਰ (ਪੰਜਾਬ) ਵਿਖੇ ਸਟੇਟ ਪੱਧਰ ਦਾ ਮਨਾਇਆ ਜਾ ਰਿਹਾ ਹੇ ।

**-ਬਲਵਿੰਦਰ ਬਾਲਮ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**

# ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਨੇ ਅਕਾਦਮਿਕ ਸਾਹਿਤ ਉਤਸਵ ਮੌਕੇ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਸਖਸ਼ੀਅਤਾਂ ਦਾ ਕੀਤਾ ਐਲਾਨ





ਸਿਕੰਦਰ ਚੰਦਭਾਨ





ਸੁਖਮੀਤ ਕੌਰ ਬਰਾੜ

**ਤਲਵੰਡੀ ਸਾਬੋ/ਲੋਕ ਬਾਣੀ**

**ਸ਼੍ਰੀ** ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਸਾਹਿਤਕਾਰਾਂ ਨੂੰ ਸਮਰਪਿਤ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਦੀ ਨੌਂ ਮੈਂਬਰੀ ਕਮੇਟੀ ਦੀ ਬੀਤੇ ਦਿਨੀਂ ਮਿਤੀ: 19 ਮਾਰਚ 2023 ਨੂੰ ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਗੁਰੂ ਗੋਬਿੰਦ ਸਿੰਘ ਪਬਲਿਕ ਲਾਇਬ੍ਰੇਰੀ, ਨੇੜੇ ਗਿੱਲਾਂ ਵਾਲਾ ਖੂਹ, ਤਲਵੰਡੀ ਸਾਬੋ ਵਿਖੇ ਅਕਾਦਮੀ ਦੇ 2 ਅਪ੍ਰੈਲ 2023 ਨੂੰ ਹੋਣ ਜਾ ਰਹੇ ਅਕਾਦਮਿਕ ਸਾਹਿਤ ਉਤਸਵ (ਛਿਮਾਹੀ ਸਮਾਗਮ) ਦੇ ਸੰਦਰਭ ਵਿੱਚ ਕਾਰਜਕਾਰੀ ਪ੍ਰਧਾਨ ਪ੍ਰੋ.ਡਾ. ਗੁਰਜੀਤ ਸਿੰਘ ਖ਼ਾਲਸਾ ਜੀ ਅਤੇ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਪ੍ਰੀਤੀਮਾਨ ਜੀ ਦੀ ਯੋਗ ਰਹਿਨੁਮਾਈ ਹੇਠ ਅਹਿਮ ਮੀਟਿੰਗ ਹੋਈ। ਜਿਸ ਵਿੱਚ ਅਕਾਦਮਿਕ ਸਾਹਿਤ ਉਤਸਵ ਦੇ ਸੰਬੰਧ ਅਹਿਮ ਫੈਸਲੇ ਜਿਵੇਂ: ਬਜਟ, ਪ੍ਰਧਾਨਗੀ ਮੰਡਲ, ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਸਖਸ਼ੀਅਤਾਂ ਦੇ ਨਾਮ, ਤਨ ਮਨ ਨਾਲ ਅਕਾਦਮੀ ਦੀ ਬਿਹਤਰੀ ਲਈ ਕੰਮ ਕਰ ਰਹੇ ਅਕਾਦਮੀ ਮੈਂਬਰਾਂ ਦਾ ਸਨਮਾਨ ਅਤੇ ਸਮਾਗਮ ਦੀ ਪੂਰੀ ਰੂਪ ਰੇਖਾ ਆਦਿ ਇਹ ਸਭ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ। ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਵੱਲੋਂ ਦਿੱਤੇ ਜਾ ਰਹੇ ਪੁਰਸਕਾਰਾਂ ਜਿਵੇਂ: ਸਮਾਜ ਸੇਵਾ ਪੁਰਸਕਾਰ ਅਤੇ ਸੱਭਿਆਚਾਰ ਸਾਹਿਤ ਪੁਰਸਕਾਰ ਦਾ ਐਲਾਨ ਕੀਤਾ ਗਿਆ। ਜਿਕਰਯੋਗ ਹੈ ਕਿ ਸੱਭਿਆਚਾਰ ਸਹਿਤ ਪੁਰਸਕਾਰ ਸ਼੍ਰੀਮਤੀ ਸੁਖਮੀਤ ਕੌਰ ਬਰਾੜ ਜੀ ਅਤੇ ਸਮਾਜ ਸੇਵਾ ਪੁਰਸਕਾਰ ਸ. ਸਿਕੰਦਰ ਚੰਦਭਾਨ ਜੀ ਨੂੰ ਦਿੱਤਾ ਜਾ ਰਿਹਾ ਹੈ। ਮੀਟਿੰਗ ਵਿੱਚ ਹਾਜ਼ਰ ਰਹਿਣ ਵਾਲੇ ਕਮੇਟੀ ਮੈਂਬਰ ਅਹੁਦੇਦਾਰ ਕਾਰਜਕਾਰੀ ਪ੍ਰਧਾਨ ਪ੍ਰੋ. ਡਾ. ਗੁਰਜੀਤ ਸਿੰਘ ਖ਼ਾਲਸਾ, ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਪ੍ਰੀਤੀਮਾਨ, ਵਿੱਤ ਸਕੱਤਰ ਪ੍ਰੀਤ ਕੈਂਥ, ਦਫ਼ਤਰ ਸਕੱਤਰ ਗੁਰੀ ਆਦੀਵਾਲ, ਸੰਚਾਲਕ ਸਕੱਤਰ ਗਗਨ ਫੂਲ ਅਤੇ ਸਟੇਜ ਸਕੱਤਰ ਕੰਵਰਜੀਤ ਸਿੰਘ ਜੀ ਹਾਜ਼ਰ ਰਹੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਦੇ ਸੰਸਥਾਪਕ ਪ੍ਰਧਾਨ ਡਾ. ਹਰਗੋਬਿੰਦ ਸਿੰਘ ਸ਼ੇਖਪੁਰੀਆ ਜੀ ਮੌਜੂਦਾ ਸਮੇਂ ਵਿੱਚ ਆਪਣੇ ਪਰਿਵਾਰ ਸਮੇਤ ਵਿਦੇਸ਼ ਨਿਊਜ਼ੀਲੈਂਡ ਆਕਲੈਂਡ ਵਿਖੇ ਰਹਿ ਰਹੇ ਹਨ, ਪਰ ਉਹਨਾਂ ਦੀ ਰੂਹ ਇੱਥੇ ਭਾਰਤ ਵਿੱਚ ਆਪਣੀਆਂ ਸੰਸਥਾਵਾਂ ਨਾਲ ਜੁੜੀ ਹੋਈ ਹੈ ਅਤੇ ਜਦੋਂ ਕੋਈ ਸਮਾਗਮ ਹੋਵੇ ਉਹ ਸ਼ੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਹਾਜ਼ਰ ਰਹਿੰਦੀ ਹੈ ਅਤੇ ਆਪਣਾ ਪ੍ਰਚਾਰ ਪ੍ਰਸਾਰ ਤੇ ਯੋਗਦਾਨ ਬਰਕਰਾਰ ਰੱਖਦੀ ਹੈ। ਇਸੇ ਤਰਾਂ ਹੀ ਅਕਾਦਮੀ ਦੀ ਮੀਟਿੰਗ ਹੋਣ ਤੋਂ ਇੱਕ ਦਿਨ ਪਹਿਲਾਂ ਹੀ ਉਹਨਾਂ ਵੱਲੋਂ ਆਪਣੇ ਰੋਜ਼ਾਨਾ ਫੇਸਬੁੱਕ ਲਾਈਵ ਜ਼ਰੀਏ ਮੀਟਿੰਗ ਅਤੇ ਸਮਾਗਮ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਸਮੁੱਚੀ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ: ਪੰਜਾਬ ਉਹਨਾਂ ਦਾ ਸਦਾ ਹੀ ਸਤਿਕਾਰ ਕਰਦੀ ਹੈ ਅਤੇ ਕਾਰਜਕਾਰੀ ਪ੍ਰਧਾਨ ਪ੍ਰੋ.ਡਾ. ਗੁਰਜੀਤ ਸਿੰਘ ਖ਼ਾਲਸਾ ਜੀ ਅਤੇ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਪ੍ਰੀਤੀਮਾਨ ਦੋਨਾਂ ਹੀ ਸਖਸ਼ੀਅਤਾਂ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਧੰਨਵਾਦੀ ਸ਼ਬਦ ਆਖਦਿਆਂ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਸਖਸ਼ੀਅਤਾਂ ਨੂੰ ਵਧਾਈ ਦਿੰਦਿਆਂ ਸਮੁੱਚੀ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

# ਛੋਟੇ ਸਮਾਜ ਅਤੇ ਓਬੀਸੀ ਸਮਾਜ ਦਾ ਅਪਮਾਨ ਕਰਨਾ ਅਤੇ ਮੁਆਫੀ ਵੀ ਨਾ ਮੰਗਣਾ ਕਾਂਗਰਸ ਵਰਗੀ ਪਾਰਟੀ ਲਈ ਪ੍ਰਗਟਾਵੇ ਦੀ ਆਜ਼ਾਦੀ ਹੈ -ਰਜਨੀਸ਼

**ਲੁਧਿਆਣਾ/ਸ਼ੰਮੀ ਕੁਮਾਰ**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਨੂੰ ਗੁਜਰਾਤ ਦੀ ਅਦਾਲਤ ਨੇ 2019 ਦੇ ਮੋਦੀ ਸਰਨੇਮ ਮਾਣਹਾਨੀ ਦੇ ਕੇਸ ਵਿੱਚ ਦੋਸ਼ੀ ਕਰਾਰ ਦਿੰਦਿਆਂ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ, ਜਿਸ ਕਾਰਨ ਲੋਕ ਸਭਾ ਸਕੱਤਰੇਤ ਸ. ਨੇ ਆਪਣੀ ਸੰਸਦ ਦੀ ਮੈਂਬਰਸ਼ਿਪ ਖਤਮ ਕਰ ਦਿੱਤੀ ਹੈ। ਰਾਹੁਲ ਗਾਂਧੀ ਕੇਰਲ ਦੇ ਵਾਇਨਾਡ ਤੋਂ ਸੰਸਦ ਮੈਂਬਰ ਸਨ। ਪਰ ਹੁਣ ਉਹ ਲੋਕ ਸਭਾ ਮੈਂਬਰ ਨਹੀਂ ਰਹੇ। ਇਹ ਹੁਕਮ 23 ਮਾਰਚ ਤੋਂ ਲਾਗੂ ਹੋ ਗਿਆ ਹੈ। ਭਾਜਪਾ ਦੇ ਜ਼ਿਲ੍ਹਾ



ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਰਾਹੁਲ ਗਾਂਧੀ ਦਾ ਵਤੀਰਾ ਪਹਿਲਾਂ ਹੀ ਗੈਰ-ਸੰਸਦੀ ਰਿਹਾ ਹੈ। ਉਸਦਾ ਹੰਕਾਰ ਸਭ ਨੂੰ ਦਿਖਾਈ ਦਿੰਦਾ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਕਾਂਗਰਸ ਵਰਗੀ ਪਾਰਟੀ ਲਈ ਛੋਟੇ ਸਮਾਜ ਅਤੇ ਓਬੀਸੀ ਸਮਾਜ ਦਾ ਅਪਮਾਨ ਕਰਨਾ ਪ੍ਰਗਟਾਵੇ ਦੀ ਆਜ਼ਾਦੀ ਹੈ ਅਤੇ ਮੁਆਫ਼ੀ ਵੀ ਨਹੀਂ ਮੰਗਣੀ ਚਾਹੀਦੀ। ਗਾਲ੍ਹਾਂ ਕੱਢਣੀਆਂ ਅਤੇ ਆਲੋਚਨਾ ਕਰਨ ਵਿੱਚ ਫਰਕ ਹੈ। ਕਿ ਰਾਹੁਲ ਗਾਂਧੀ ਓਬੀਸੀ ਭਾਈਚਾਰੇ ਨੂੰ ਗਾਲ੍ਹਾਂ ਕੱਢਣ ਦਾ ਕੰਮ ਕਰ ਰਹੇ ਹਨ। ਜਿਸ ਕਾਰਨ ਉਸ ਨੂੰ ਸਜ਼ਾ ਮਿਲੀ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਦੇਸ਼ ਵਿੱਚ ਅਦਾਲਤ ਅੱਗੇ ਸਭ ਬਰਾਬਰ ਹਨ। ਇਹ ਅਦਾਲਤ ਦਾ ਫੈਸਲਾ ਹੈ ਅਤੇ ਨਿਆਂਪਾਲਿਕਾ ਦਾ ਫੈਸਲਾ ਮੰਨਣਾ ਚਾਹੀਦਾ ਹੈ।

# ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਵਲੋਂ ਇਲਾਕਾ ਵਾਸੀਆਂ ਨਾਲ ਕੀਤੀ ਮੁਲਾਕਾਤ

## ਪਹਿਲੇ ਸਾਲ ਹੀ ਲੋਕਾਂ ਦਾ ਮੋਹ ਹੋਇਆ ਭੰਗ, ਇਲਾਕਾਨਿਵਾਸੀ ਕਰਨ ਲੱਗੇ ਬੈਂਸ ਭਰਾਵਾਂ ਨੂੰ ਯਾਦ : ਚੌਹਾਨ

**ਲੁਧਿਆਣਾ/ਸ਼ੰਮੀ ਕੁਮਾਰ**

ਗਿੱਲ ਰੋਡ ਸਥਿਤ ਆਈ ਟੀ ਆਈ ਪਾਰਕ ਵਿੱਖੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਵਲੋਂ ਅੱਜ ਵਿੱਖੇ ਇਲਾਕਾ ਵਾਸੀਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਤੇ ਇਲਾਕ ?ਾ ਵਾਸੀਆਂ ਨੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕਰਦਿਆਂ ਉਹਨਾਂ ਵੱਲੋਂ ਪਿਛਲੇ ਸਮੇਂ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਨੂੰ ਯਾਦ ਕਰਦਿਆਂ ਉਹਨਾਂ ਦਾ ਧੰਨਵਾਦ ਵੀ ਕੀਤਾ। ਇਸ ਵਿਸ਼ੇਸ਼ ਮੁਲਾਕਾਤ ਮੌਕੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਇਲਾਕ ?ਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਇਲਾਕ ?ਾ ਨਿਵਾਸੀ ਸੁਦਰਸ਼ਨ ਚੌਹਾਨ ਨੇ ਕਿਹਾ ਕਿ ਅਜੇ ਸਰਕਾਰ ਬਣੀ ਨੂੰ ਸਿਰਫ ਇੱਕ ਸਾਲ ਦਾ ਹੀ ਸਮਾਂ ਹੋਇਆ ਹੈ ਅਤੇ ਪਹਿਲੇ ਸਾਲ ਹੀ ਲੋਕਾਂ ਦਾ ਜਿੱਥੇ ਸਰਕਾਰ ਤੋਂ ਮੋਹ ਭੰਗ ਹੋ ਗਿਆ ਹੈ ਉੱਥੇ ਦੂਸਰੇ ਪਾਸੇ ਲੁਧਿਆਣਾ ਹਲਕਾ ਆਤਮ ਨਗਰ ਅਤੇ ਹਲਕਾ ਦਾ ਦੱਖਣੀ ਦੇ ਲੋਕ ਵਿਧਾਇਕ ਬੈਂਸ ਭਰਾਵਾਂ ਵਲੋਂ ਕੀਤੇ ਗਏ ਵਿਕਾਸ ਕੰਮਾਂ ਅਤੇ ਇਲਾਕੇ ਦੀ ਕੀਤੀ ਗਈ ਸੇਵਾ ਲਈ ਯਾਦ ਕਰਨ ਲੱਗੇ ਹਨ ਕਿਉਂਕਿ ਮੌਜੂਦਾ ਸਰਕਾਰ ਦੇ ਮੌਜੂਦਾ ਵਿਧਾਇਕ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਇਲਾਵਾ ਕੁਝ ਨਹੀਂ ਕਰ ਰਹੇ ਅਤੇ ਅੱਜ ਸੂਬੇ ਵਿੱਚ ਹਰ ਸਰਕਾਰੀ ਦਫਤਰ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਓਹਨਾਂ ਕਿਹਾ ਕਿ ਜਿਸ ਮੌਕੇ 2012 ਤੋਂ 2022 ਤਕ ਜਦੋਂ ਇਲਾਕੇ ਵਿੱਚ ਵਿਧਾਇਕ ਬੈਂਸ ਭਰਾਵਾਂ ਦਾ ਡੰਡਾ ਕਾਇਮ ਸੀ ਉਸ ਮੌਕੇ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰੀ ਬੈਂਸ ਦੇ ਨਾਮ ਤੋਂ ਹੀ ਕੰਬਦੇ ਸੀ ਦੂਜੇ ਪਾਸੇ ਉਸ ਮੌਕੇ ਲੋਕਾਂ ਦੇ ਸਾਰੇ ਕੰਮ ਵਿਧਾਇਕ ਬੈਂਸ ਭਰਾਵਾਂ ਵਲੋਂ ਕੋਟ ਮੰਗਲ ਸਿੰਘ ਵਿੱਖੇ ਖੋਲ੍ਹੇ ਗਏ ਸੇਵਾ ਕੇਂਦਰ ਵਿਚ ਹੀ ਹੋ ਜਾਇਆ ਕਰਦੇ ਸਨ। ਚੌਹਾਨ ਨੇ ਅੱਗੇ ਕਿਹਾ ਕਿ ਅੱਜ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਦਰ ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ ਅਤੇ ਇਲਾਕ ?ਾ ਵਿਧਾਇਕ ਕਿਧਰੇ ਵੀ ਦਿਖਾਈ ਨਹੀਂ ਦਿੰਦੇ। ਇਸ ਦੌਰਾਨ ਇਲਾਕਾ ਨਿਵਾਸੀਆਂ ਅਤੇ ਸ਼ਾਮਿਲ ਮਹਿਲਾਵਾਂ ਨੇ ਵੀ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਸਾਬਕਾ ਵਿਧਾਇਕ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਵੀ ਕੀਤਾ ਗਿਆ। ਇਸ ਮੀਟਿੰਗ ਦੌਰਾਨ ਇਲਾਕਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਓਹਨਾਂ ਇਸ ਪੂਰੇ ਹਲਕੇ ਦੇ ਲੋਕਾਂ ਦੇ ਕੰਮ ਅਤੇ ਇਲਾਕੇ ਦਾ ਵਿਕਾਸ ਕਰਕੇ ਓਹਨਾ ਇਲਾਕੇ ਦੇ ਲੋਕਾਂ ਤੇ ਕੋਈ ਅਹਿਸਾਨ ਨਹੀਂ ਕੀਤਾ ਸਗੋਂ ਇਹ ਤਾਂ ਓਹਨਾਂ ਦੀ ਡਿਊਟੀ ਸੀ।

ਬੈਂਸ ਨੇ ਇਲਾਕਾ ਵਾਸੀਆਂ ਵੱਲੋਂ ਦਿੱਤੇ ਗਏ ਸਨਮਾਨ ਅਤੇ ਪਿਆਰ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਇਲਾਕਾ ਵਾਸੀਆਂ ਨੂੰ ਸਪਸ਼ਟ ਕਿਹਾ ਕਿ ਅੱਜ ਵੀ ਉਹ ਲੋਕਾਂ ਦੀ ਕਚਿਹਰੀ ਵਿੱਚ ਹਾਜਰ ਹਨ ਅਤੇ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਕਿਸੇ ਵੀ ਸਰਕਾਰੀ ਦਫਤਰ ਜਾਂ ਕਿਧਰੇ ਵੀ ਕੋਈ ਕੰਮ ਹੋਵੇ ਤਾਂ ਉਹ ਬਿਨਾਂ ਝਿਜਕ ਉਹਨਾਂ ਨੂੰ ਮਿਲ ਸਕਦਾ ਹੈ ਅਤੇ ਉਹ ਇਲਾਕਾ ਵਾਸੀਆਂ ਦਾ ਕੰਮ ਪਹਿਲ ਦੇ ਆਧਾਰ ਤੇ ਕਰਵਾਉਣਗੇ ਅਤੇ ਲੋਕਾਂ ਲਈ ਉਹਨਾਂ ਦੀ ਪਾਰਟੀ 24 ਘੰਟੇ ਹਾਜਰ ਹੈ। ਇਸ ਮੌਕੇ ਤੇ ਇਲਾਕ ?ਾ ਵਾਸੀਆਂ ਵਿੱਚ ਸੈਰ ਕਰਨ ਲਈ ਆਏ ਹੋਏ ਸਥਾਨਕ ਵਾਸੀਆਂ ਵਿੱਚ ਸ਼ਾਮਲ ਕਰਨੈਲ ਸਿੰਘ, ਗੁਰਮੀਤ ਸਿੰਘ, ਪ੍ਰਦੀਪ ਸਿੰਘ, ਰਾਜ ਕੁਮਾਰ ਸ਼ਰਮਾ, ਹਰਨੇਕ ਸਿੰਘ, ਸਤਨਾਮ ਸਿੰਘ, ਜਸਪਾਲ ਸਿੰਘ ਰਿਐਤ, ਕਾਬਲ ਸਿੰਘ, ਬਬੀਤਾ ਰਾਣੀ, ਮਨਜੀਤ ਕੌਰ, ਸੁਰਜੀਤ ਸਿੰਘ, ਬਲਬੀਰ ਕੌਰ, ਸੁਨੀਤਾ ਰਾਣੀ ਸਮੇਤ ਵੱਡੀ ਗਿਣਤੀ ਵਿੱਚ ਬੱਚੇ ਵੀ ਸ਼ਾਮਲ ਸਨ।



# 2 ਕਿਲੋ 600 ਗਰਾਮ ਅਫੀਮ ਸਮੇਤ ਅਰੋਪੀ ਗ੍ਰਿਫਤਾਰ : ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁੱਕਦਮਾ ਸ਼ੀ ਸੁਰਿੰਦਰ ਸਿੰਘ ਸੀ8ਆਈ8ਏ ਸਟਾਫ ਨਵਾਸ਼ਹਿਰ ਵੱਲੋ ਦਰਜ ਰਜਿਸਟਰ ਕਰਵਾਇਆ ਗਿਆ ਕਿ ਉਹ ਸਮੇਤ ਸਾਥੀ ਕਰਮਚਾਰੀਆ ਦੇ ਬਾ ਚੈਕਿੰਗ ਸ਼ੱਕੀ ਪੁਰਸ਼ਾਂ ਸਬੰਧੀ ਗਸ਼ਤ ਕਰਦੇ ਹੋਏ ਸੀ8ਆਈ8ਏ ਸਟਾਫ ਤੋਂ ਮੱਲਪੁਰ, ਕਰੀਹਾ, ਅਮਰਗੜ੍ਹ ਹੁੰਦੇ ਹੋਏ ਪਿੰਡ ਕਰਿਆਮ ਵੱਲ ਜਾ ਰਹੇ ਸੀ ਤਾਂ ਵਕਤ ਕਰੀਬ 02L30 PM ਦਾ ਹੋਵੇਗਾ।ਜਦੋਂ ਪੁਲਿਸ ਪਾਰਟੀ ਪਿੰਡ ਪਿੰਡ ਭੰਗਲ ਕਲਾਂ ਦੇ ਚੌਰਸਤਾ ਤੇ ਬਣੇ ਮੁਸਾਫਰ ਖਾਨਾ ਤੋਂ ਕਰੀਬ 100 ਗਜ਼ ਪਿੱਛੇ ਪੁੱਜੀ ਤਾਂ ਮੁਸਾਫਰਖਾਨਾ ਦੇ ਬਾਹਰ ਇੱਕ ਮੋਨਾ ਵਿਅਕਤੀ ਆਪਣੇ ਸੱਜੇ ਹੱਥ ਵਿੱਚ ਤਣੀਦਾਰ ਝੋਲਾ ਵਜ਼ਨਦਾਰ ਰੰਗ ਸਫੈਦ ਫੜੀ ਖੜਾ ਦਿਖਾਈ ਦਿੱਤਾ ਜੋ ਅਚਾਨਕ ਪੁਲਿਸ ਪਾਰਟੀ ਦੀ ਗੱਡੀ ਦੇਖ ਕੇ ਘਬਰਾ ਕੇ ਮੁਸਾਫਰਖਾਨਾ ਦੇ ਅੰਦਰ ਵੜ ਗਿਆ ਜਿਸ ਤੇ ਸ਼ੱਕ ਪੈਣ ਤੇ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਰਾਮੂ ਯਾਦਵ ਪੁੱਤਰ ਸ਼ੰਕਰ ਯਾਦਵ ਵਾਸੀ ਕਲਗੀ ਥਾਣਾ ਲਾਵਾਲੌਂਗ ਜਿਲਾ ਚਤਰਾ ਸਟੇਟ ਝਾਰਖੰਡ ਦੱਸਿਆ।ਜਿਸਦੇ ਸੱਜੇ ਹੱਥ ਵਿੱਚ ਫੜੇ ਤਣੀਦਾਰ ਝੋਲਾ ਵਜ਼ਨਦਾਰ ਰੰਗ ਸਫੈਦ ਦੀ ਤਲਾਸੀ ਜਾਬਤਾ ਅਨੁਸਾਰ ਅਮਲ ਵਿੱਚ ਲਿਆਦੀ ਜੋ ਤਣੀਦਾਰ ਝੋਲਾ ਵਿੱਚੋਂ ਇੱਕ ਹੋਰ ਮੋਮੀ ਲਿਫਾਫਾ ਵਿੱਚ ਪਾਈ 02 ਕਿੱਲੋ 600 ਗ੍ਰਾਮ ਅਫੀਮ ਬਰਾਮਦ ਹੋਈ।ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆਂ।



ਜਗਤ ਗੁਰੂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਪਵਿੱਤਰ ਧਰਤੀ ਸ਼ ?ਗੀ ਕਰਤਾਰਪੁਰ ਸਾਹਿਬ(ਪਾਕਿਸਤਾਨ) ਵਿਖੇ ਰਣਜੀਤ ਸਿੰਘ ਖ਼ਾਲਸਾ ਫਤਿਹ ਟੀ. ਵੀ .ਵਾਲੇ ਆਪਣੇ ਹਰਦਿਲ ਆਜ਼ੀਜ਼ ਸਾਥੀ ਸੱਜਣਾਂ ਨਾਲ ਯਾਦਗਾਰੀ ਤਸਵੀਰ ’ਚ।

# ਸਾਬਕਾ ਮੰਤਰੀ ਆਸ਼ੂ ਰਿਹਾਅ ਘਰ ਪਹੁੰਚੇ, ਸੈਂਕੜੇ ਸਮਰਥਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਕੀਤਾ ਸਵਾਗਤ

**ਲੁਧਿਆਣਾ/ਸ਼ੰਮੀ ਕੁਮਾਰ**

ਟਰਾਂਸਪੋਰਟ ਟੈਂਡਰ ਘੁਟਾਲੇ ਵਿੱਚ ਪੰਜਾਬ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 7 ਮਹੀਨਿਆਂ ਬਾਅਦ ਹਾਈ ਕੋਰਟ ਤੋਂ ਰਾਹਤ ਮਿਲੀ ਹੈ। ਆਸ਼ੂ ਨੇ ਪਟਿਆਲਾ ਦੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਖੇ ਮੱਥਾ ਟੇਕਿਆ। ਉਸ ਤੋਂ ਬਾਅਦ ਮਾਂ ਕਾਲੀ ਦੇ ਦਰਬਾਰ ਵਿੱਚ ਮੱਥਾ ਟੇਕਿਆ। ਇਸ ਤੋਂ ਬਾਅਦ ਹੁਣ ਉਹ ਲੁਧਿਆਣਾ ਸਥਿਤ ਆਪਣੇ ਘਰ ਪਹੁੰਚ ਗਿਆ ਹੈ। ਆਸ਼ੂ ਦੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਘਰ ਦੇ ਬਾਹਰ ਕਾਂਗਰਸੀ ਆਗੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਭੀੜ ਇਕੱਠੀ ਹੋ ਗਈ ਹੈ। ਆਸ਼ੂ ਦਾ ਲੁਧਿਆਣਾ ਪਹੁੰਚਣ ’ਤੇ ਸਮਰਥਕਾਂ ਨੇ ਫੁੱਲਾਂ ਨਾਲ ਸਵਾਗਤ ਕੀਤਾ। ਕਾਂਗਰਸੀਆਂ ਨੇ ਆਸ਼ੂ ਦੇ ਸਵਾਗਤ ਲਈ ਢੋਲ ਆਦਿ ਦਾ ਵੀ ਪ੍ਰਬੰਧ ਕੀਤਾ। ਆਸ਼ੂ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਇੱਕ ਵਾਰ ਫਿਰ ਮਹਾਂਨਗਰ ਦੀ ਸਿਆਸਤ ਸਰਗਰਮ ਹੋ ਜਾਵੇਗੀ। ਗ੍ਰਿਫਤਾਰੀ ਤੋਂ ਬਾਅਦ ਆਸ਼ੂ ਕਰੀਬ 7 ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਆਸ਼ੂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪਤਨੀ ਨੇ ਕਿਹਾ- ਮਾਤਾ ਰਾਣੀ ਦਾ ਆਸ਼ੀਰਵਾਦ ਮਿਲਿਆ।ਲੋਕਾਂ ਨੇ ਭਾਰਤ ਭੂਸ਼ਣ ਆਸ਼ੂ ਲਈ ਸੁੱਖਣਾ ਮੰਗੀ ਸੀ। ਨਵਰਾਤਰੀ ਚੱਲ ਰਹੀ ਹੈ। ਮਾਤਾ ਰਾਣੀ ਦਾ ਆਸ਼ੀਰਵਾਦ ਲੈ ਕੇ ਅੱਜ ਘਰ ਪਹੁੰਚਿਆ।

ਉਨ੍ਹਾਂ ਦੇ ਸਵਾਗਤ ਲਈ ਉਨ੍ਹਾਂ ਦੇ ਪ੍ਰਸ਼ੰਸਕ ਵੀ ਵੱਡੀ ਗਿਣਤੀ ’ਚ ਮੌਜੂਦ ਹਨ। ਅੱਜ ਬਿਨਾਂ ਕਿਸੇ ਰਾਜਨੀਤੀ ਦੀ ਗੱਲ ਕੀਤਿਆਂ ਮਾਤਾ ਰਾਣੀ ਦਾ ਸ਼ੁਕਰਾਨਾ ਕੀਤਾ ਜਾਵੇਗਾ। ਭਲਕੇ ਸਿਆਸੀ ਮਾਮਲਿਆਂ ’ਤੇ ਚਰਚਾ ਹੋ ਸਕਦੀ ਹੈ।



# ਹਸਨਪੁਰ ਸ਼ਾਇਰ ਲੁਧਿਆਣਵੀ ਦੀ ਯਾਦ ਨੂੰ ਸਮਰਪਿਤ ਆਯੁਰਵੈਦਿਕ ਹਸਪਤਾਲ ਦਾ ਰੱਖਿਆ ਨੀਂਹ ਪੱਥਰ






**ਲੁਧਿਆਣਾ/ਸ਼ੰਮੀ ਕੁਮਾਰ**

ਲੁਧਿਆਣਾ ਦੇ ਹਲਕਾ ਦਾਖਾ ਦੇ ਪਿੰਡ ਹਸਨਪੁਰ ਵਿੱਚ ਸ਼ਾਇਰ ਲੁਧਿਆਣਵੀ ਦੀ ਯਾਦ ਵਿੱਚ ਆਯੁਰਵੈਦਿਕ ਹਸਪਤਾਲ ਅਤੇ ਮਿਊਜ਼ੀਅਮ ਦਾ ਉਦਘਾਟਨ ਹਲਕਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਤੇ ਜਿਲ੍ਹਾ ਪ੍ਰਧਾਨ ਸ਼ਰਨਪਾਲ ਸਿੰਘ ਮੱਕੜ ਨੇ ਕੀਤਾ। ਮਿਊਜ਼ੀਅਮ ਨੂੰ ਬਨਾਉਣ ਲਈ ਜ਼ਮੀਨ ਸੀ. ਏ. ਰਾਜੇਸ਼ ਅੱਗਰਵਾਲ ਜੀ ਨੇ ਦਾਨ ਕੀਤੀ । ਇਸ ਵਿੱਚ ਹਸਪਤਾਲ, ਨਸ਼ਾ ਛੁਡਾਊ ਕੇਂਦਰ, ਸ਼ਾਇਰ ਲੁਧਿਆਣਵੀ ਨੂੰ ਸਮਰਪਿਤ ਲਾਇਬ੍ਰੇਰੀ ਵੀ ਖੋਲੀ ਜਾਵੇਗੀ ਜਿਸ ਵਿੱਚ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਕਿਤਾਬਾਂ, ਲਿਟਰੇਚਰ ਰੱਖਿਆ ਜਾਵੇਗਾ। ਇਸ ਸਥਾਨ ਤੇ ਸ਼ਾਇਰ ਲੁਧਿਆਣਵੀ ਜੀ ਦਾ ਬੁੱਤ ਵੀ ਲਗਾਇਆ ਜਾਵੇਗਾ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਦਾਖਾ ਦੇ ਇੰਚਾਰਜ ਡਾ: ਕੇ ਐਨ ਐਸ ਕੰਗ, ਟ ?ਰੇਡ ਵਿੰਗ ਦੇ ਉਪ ਪ੍ਰਧਾਨ ਰਾਜ ਕੁਮਾਰ ਅਗਰਵਾਲ, ਪਾਰਸ ਲੁਧਿਆਣਵੀ ਇਸ ਸੰਸਥਾ ਦੇ ਮੁਢ, ਰਾਸ਼ੀ ਅਗਰਵਾਲ, ਵਿਨੋਦ ਥਾਪਰ ਸ਼ਹਿਰ ਦੇ ਵਪਾਰੀ, ਅਮਨਦੀਪ ਭਨੋਟ ਕੈਸ਼ੀਅਰ ਅਤੇ ਹੋਰ ਸਾਥੀ ਵੀ ਮੌਜੂਦ ਰਹੇ। ਚੇਅਰਮੈਨ ਅਮਨਦੀਪ ਸਿੰਘ ਮੋਹੀ ਅਤੇ ਚੇਅਰਮੈਨ ਸੁਰੇਸ਼ ਗੋਇਲ ਜੀ ਆਪਣੇ ਮਹਿਕਮਿਆਂ ਦੇ ਕੰਮ ਵਿੱਚ ਰੁਝੇ ਹੋਣ ਕਾਰਣ ਇਸ ਸ਼ੁਭ ਕਾਰਜ ਦੇ ਲਈ ਪ੍ਰਬੰਧਕਾਂ ਨੂੰ ਫੋਨ ਕਰਕੇ ਮੁਬਾਰਕਬਾਦ ਦਿੱਤੀ।

## ਮੌਸਮ ਨੇ ਮਚਾਈ ਤਬਾਹੀ : ਮੀਂਹ ਤੇ ਗੜੇਮਾਰੀ ਕਾਰਨ ਮੁੜ ਵਿਛੀ ਫਸਲਾਂ




**ਲੁਧਿਆਣਾ/ਸ਼ੰਮੀ ਕੁਮਾਰ**

ਮਾਰਚ ਵਿੱਚ ਇੱਕ ਵਾਰ ਫਿਰ ਮੌਸਮ ਨੇ ਤਬਾਹੀ ਮਚਾਈ। ਸ਼ੁੱਕਰਵਾਰ ਨੂੰ ਪੰਜਾਬ ਅਤੇ ਹਰਿਆਣਾ ਸਮੇਤ ਕਈ ਥਾਵਾਂ ‘ਤੇ ਮੀਂਹ ਅਤੇ ਗੜੇਮਾਰੀ ਹੋਈ। ਪੰਜਾਬ ਦੇ 22 ਜ਼ਿਲ੍ਹਿਆਂ ‘ਚ ਸਵੇਰ ਤੋਂ ਸ਼ਾਮ ਤੱਕ ਹੋਈ ਬਾਰਿਸ਼, ਕਈ ਥਾਵਾਂ ‘ਤੇ ਤੇਜ਼ ਹਵਾਵਾਂ ਅਤੇ ਗੜੇਮਾਰੀ ਕਾਰਨ ਕਣਕ ਦੀ ਫ਼ਸਲ ਨੂੰ ਨੁਕਸਾਨ ਪੁੱਜਾ ਹੈ। ਜਦੋਂ ਕਿ ਪੰਜਾਬ ਵਿੱਚ ਮੀਂਹ ਕਾਰਨ ਤਾਪਮਾਨ ਵਿੱਚ 5 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਲਗਾਤਾਰ ਮੀਂਹ, ਝੱਖੜ ਅਤੇ ਗੜੇਮਾਰੀ ਕਾਰਨ ਹੋਏ ਨੁਕਸਾਨ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ 26 ਮਾਰਚ ਤੋਂ ਮੌਸਮ ਖੁਸ਼ਕ ਹੋ ਜਾਵੇਗਾ।

# ਅੰਮ੍ਰਿਤਪਾਲ ਦੇ ਗ੍ਰਿਫ਼ਤਾਰ ਕੀਤੇ ਸਾਥੀ ਗੋਰਖਾ ਬਾਬਾ ਤੋਂ ਹੋਏ ਕਈ ਅਹਿਮ ਖੁਲਾਸੇ

### ਮਿਲੇ ਖਾਲਿਸਤਾਨ ਦੇ ਝੰਡੇ ਅਤੇ ਕਰੰਸੀ ਸਮੇਤ ਕਈ ਦਸਤਾਵੇਜ਼









**ਲੁਧਿਆਣਾ/ਸ਼ੰਮੀ ਕੁਮਾਰ**

ਵਾਰਿਸ ਪੰਜਾਬ ਦੇ’ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਗੰਨਮੈਨ ਵਜੋਂ ਕੰਮ ਕਰ ਰਹੇ ਮਲੌਦ ਦੇ ਪਿੰਡ ਮਾਂਗੇਵਾਲ ਦੇ ਰਹਿਣ ਵਾਲੇ ਤੇਜਿੰਦਰ ਸਿੰਘ ਗਿੱਲ ਉਰਫ਼ ਗੋਰਖਾ ਬਾਬਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਸ਼ੁੱਕਰਵਾਰ ਨੂੰ ਖੰਨਾ ਪੁਲਿਸ ਨੇ ਵੱਡੇ ਖੁਲਾਸੇ ਕੀਤੇ ਹਨ।

ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਗੋਰਖਾ ਬਾਬਾ ਦੇ ਮੋਬਾਈਲ ਫੋਨ ਤੋਂ ਏ.ਕੇ.ਐਫ., ਝੰਡੇ, ਨਕਸ਼ੇ ਅਤੇ ਖਾਲਿਸਤਾਨ ਦੀ ਕਰੰਸੀ ਨਾਲ ਸਬੰਧਤ ਦਸਤਾਵੇਜ਼ਾਂ ਤੋਂ ਇਲਾਵਾ ਸਿਖਲਾਈ ਦੀ ਵੀਡੀਓ ਵੀ ਮਿਲੀ ਹੈ। ਪੁਲੀਸ ਮੁਲਜ਼ਮ ਗੋਰਖਾ ਬਾਬਾ ਤੋਂ ਹੋਰ ਪੁੱਛਗਿੱਛ ਕਰ ਰਹੀ ਹੈ। ਐਸਐਸਪੀ ਕੌਂਡਲ ਨੇ ਦੱਸਿਆ ਕਿ ਵੀਰਵਾਰ ਨੂੰ 42 ਸਾਲਾ ਗੋਰਖਾ ਬਾਬਾ ਨੂੰ ਫੜਨ ਤੋਂ ਬਾਅਦ ਉਸ ਦਾ ਮੋਬਾਈਲ ਫੋਨ ਚੈੱਕ ਕੀਤਾ ਗਿਆ। ਗੋਰਖਾ ਬਾਬਾ ਅੰਮ੍ਰਿਤਪਾਲ ਦਾ ਬਹੁਤ ਕਰੀਬੀ ਸੀ ਅਤੇ ਨਜ਼ਦੀਕੀ ਸੁਰੱਖਿਆ ਸਰਕਲ ਦਾ ਮੈਂਬਰ ਸੀ। ਉਹ ਅਨੰਦਪੁਰ ਖਾਲਸਾ ਫੌਜ ਦਾ ਸਰਗਰਮ ਮੈਂਬਰ ਸੀ। ਉਹ ਏ.ਕੇ.ਐਫ ਮਾਰਕਾ ਹਥਿਆਰ ਅੰਮ੍ਰਿਤਪਾਲ ਨੇ ਮੁਹੱਈਆ ਕਰਵਾਇਆ ਸੀ। ਅੰਮ੍ਰਿਤਪਾਲ ਦੇ ਪਿੰਡ ਜੱਲੂਪੁਰ ਖੇੜਾ ਵਿੱਚ ਬਣੀ ਫਾਇਰਿੰਗ ਰੇਂਜ ਵਿੱਚ ਵੀ ਉਸ ਦੀ ਲਗਾਤਾਰ ਟਰੇਨਿੰਗ ਹੋਈ।

ਬਿਕਰਮਜੀਤ ਖਾਲਸਾ ਨੇ ਅੰਮ੍ਰਿਤਪਾਲ ਨਾਲ ਮਿਲਾਇਆ

ਐਸਐਸਪੀ ਅਨੁਸਾਰ ਗੋਰਖਾ ਬਾਬਾ ਦੀ ਪੰਜ ਮਹੀਨੇ ਪਹਿਲਾਂ ਬਿਕਰਮਜੀਤ ਸਿੰਘ ਖ਼ਾਲਸਾ ਨੇ ਅੰਮ੍ਰਿਤਪਾਲ ਨਾਲ ਜਾਣ-ਪਛਾਣ ਕਰਵਾਈ ਸੀ ਅਤੇ ਉਹ ਅੰਮ੍ਰਿਤਪਾਲ ਦੀ ਸੁਰੱਖਿਆ ਟੀਮ ਵਿੱਚ ਵੀ ਸ਼ਾਮਲ ਸੀ। ਗੋਰਖਾ ਬਾਬਾ ਕਿਸਾਨ ਅੰਦੋਲਨ ਦੌਰਾਨ ਖਾਲਸਾ ਨੂੰ ਮਿਲਿਆ ਸੀ। ਉਹ ਅਜਨਾਲਾ ਕਾਂਡ ਅਤੇ ਖਾਲਸਾ ਵਹੀਰ ਦੌਰਾਨ ਵੀ ਅੰਮ੍ਰਿਤਪਾਲ ਦੇ ਨਾਲ ਸੀ। ਮੈਂਬਰਾਂ ਨੂੰ ਤਨਖਾਹ ਵੀ ਦਿੱਤੀ ਗਈ। ਸਭ ਤੋਂ ਚਿੰਤਾਜਨਕ ਗੱਲ ਇਹ ਸਾਹਮਣੇ ਆਈ ਹੈ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਆਉਣ ਵਾਲੇ ਨੌਜਵਾਨਾਂ ਨੂੰ ਫੋਰਸ ਵਿੱਚ ਸ਼ਾਮਲ ਕਰਕੇ ਹਥਿਆਰਾਂ ਦੀ ਸਿਖਲਾਈ ਦੇ ਕੇ ਤਿਆਰ ਕੀਤਾ ਜਾ ਰਿਹਾ ਸੀ।

### ਗੁਰਭੇਜ ਨੇ 10 ਬੁਲੇਟ ਪਰੂਫ ਜੈਕਟਾਂ ਭੇਜੀਆਂ

ਐਸਐਸਪੀ ਅਨੁਸਾਰ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਗੁਰਭੇਜ ਸਿੰਘ ਵੱਲੋਂ ਭੇਜੇ ਗਏ ਸਾਈਡ ਤੋਂ 2 ਮਹੀਨੇ ਪਹਿਲਾਂ ਫੋਰਸ ਨੂੰ 10 ਬੁਲੇਟ ਪਰੂਫ ਜੈਕਟਾਂ ਦਿੱਤੀਆਂ ਗਈਆਂ ਸਨ। ਉਨ੍ਹਾਂ ’ਤੇ AKF ਲਿਖਿਆ ਹੋਇਆ ਸੀ। ਅੰਮ੍ਰਿਤਪਾਲ ਦੀ ਸੁਰੱਖਿਆ ਦੀ ਸਾਰੀ ਜ਼ਿੰਮੇਵਾਰੀ ਹਰਸਿਮਰਤ ਸਿੰਘ ਹੁੰਦਲ ਉਰਫ ਲਾਭ ਸਿੰਘ ਉਰਫ ਟਾਈਗਰ ’ਤੇ ਸੀ।

### ਏਕੇਐਫ ਦੇ ਮੈਂਬਰ ਨੂੰ ਮਿਲਦੇ ਸਨ ਬੈਲਟ ਨੰਬਰ

ਪੁੱਛਗਿੱਛ ਦੌਰਾਨ ਗੋਰਖਾ ਬਾਬਾ ਨੇ ਪੁਲਿਸ ਨੂੰ ਦੱਸਿਆ ਕਿ ਏ.ਕੇ.ਐਫ ਦੇ ਹਰੇਕ ਮੈਂਬਰ ਨੂੰ ਸੀਨੀਆਰਤਾ ਦੇ ਆਧਾਰ ’ਤੇ ਅਤੇ ਅੰਮ੍ਰਿਤਪਾਲ ਵੱਲੋਂ ਬੈਲਟ ਨੰਬਰ ਅਲਾਟ ਕੀਤੇ ਗਏ ਸਨ। ਇਹ ਨੰਬਰ AK 3, AK 47, AK 56 ਦੇ ਕ੍ਰਮ ਵਿੱਚ ਸਨ। ਗਰੁੱਪ ਦੇ ਮੈਂਬਰ ਦੋ ਵਟਸਐਪ ਗਰੁੱਪਾਂ ਰਾਹੀਂ ਵੀ ਇੱਕ ਦੂਜੇ ਦੇ ਸੰਪਰਕ ਵਿੱਚ ਰਹੇ। ਇਨ੍ਹਾਂ ਦੇ ਨਾਂ ਏਕੇਐਫ ਅਤੇ ਅੰਮ੍ਰਿਤਪਾਲ ਟਾਈਗਰ ਫੋਰਸ ਸਨ।

ਗੋਰਖਾ ਬਾਬਾ ਦੇ ਫੋਨ ਤੋਂ ਮਿਲਿਆ ਪਾਕਿਸਤਾਨ ਦਾ ਡਰਾਈਵਿੰਗ ਲਾਇਸੈਂਸ, ਲਾਇਸੈਂਸ ਜ਼ਿਲ੍ਹਾ ਬਹਾਉਦੀਨ ਦੇ ਰਹਿਣ ਵਾਲੇ ਹੁਸੈਨ ਜ਼ਫਰ ਦੇ ਨਾਂ ’ਤੇ ਹੈ। ਪੁਲਿਸ ਇਸ ਲਾਇਸੈਂਸ ਦੇ ਪਿੱਛੇ ਭੇਤ ਦੀ ਜਾਂਚ ਕਰ ਰਹੀ ਹੈ।

# ਲੁਧਿਆਣਾ 'ਚ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ

## ਪ੍ਰਾਈਵੇਟ ਸਕੂਲ ਨੇ ਜਾਰੀ ਕੀਤੇ ਨਕਲੀ ਰੋਲ ਨੰਬਰ, ਨਹੀਂ ਦੇ ਸਕੇ ਪੇਪਰ



**ਲੁਧਿਆਣ/ਸ਼ੰਮੀ ਕੁਮਾਰ**

ਜਗਰਾਉਂ : ਲੁਧਿਆਣਾ ਜ਼ਿਲ੍ਹੇ ਦੇ ਸਭ ਨਾਲੋਂ ਵੱਡੇ ਪਿੰਡ ਕਾਉਕੇ ਕਲਾਂ ਦੇ ਇਕ ਪ੍ਰਾਈਵੇਟ ਸਕੂਲ ਵੱਲੋਂ ਸਕੂਲ ਦੇ 27 ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਦਿਆਂ ਉਨ੍ਹਾਂ ਨੂੰ ਫਰਜ਼ੀ ਰੋਲ ਨੰਬਰ ਜਾਰੀ ਕਰ ਦਿੱਤੇ। ਇਹ ਵਿਦਿਆਰਥੀ ਜਗਰਾਉਂ ਦੇ ਇੱਕ ਸਕੂਲ ਵਿੱਚ ਬਣੇ ਸੈਂਟਰ ਵਿਚ ਆਪਣਾ ਪੰਜਾਬੀ ਏ ਦਾ ਪੇਪਰ ਦੇਣ ਗਏ ਤਾਂ ਇਹਨਾਂ ਦੇ ਰੋਲ ਨੰਬਰ ਫਰਜ਼ੀ ਨਿਕਲਣ ਤੇ 27 ਵਿਦਿਆਰਥੀ ਆਪਣਾ ਪਹਿਲਾ ਪੇਪਰ ਦੇਣ ਤੋ ਵਾਂਝੇ ਰਹਿ ਗਏ। ਜਾਣਕਾਰੀ ਅਨੁਸਾਰ ਸੀ ? ਗੁਰੂ ਹਰਗੋਬਿੰਦ ਪਬਲਿਕ ਸਕੂਲ ਕਾਉਕੇ ਕਲਾਂ ਚ ਦਸਵੀਂ ਕਲਾਸ ਦੇ 27 ਵਿਦਿਆਰਥੀਆਂ ਨੂੰ ਸਕੂਲ ਨੇ ਬੋਰਡ ਵੱਲੋਂ ਫੋਟੋ ਵਾਲੇ ਰੋਲ ਨੰਬਰ ਦੇਣ ਦੀ ਥਾਂ ਇੱਕ ਪਰਚੀ ਤੇ ਰੋਲ ਨੰਬਰ ਲਿਖ ਕੇ ਪੇਪਰ ਦੇਣ ਲਈ ਭੇਜ ਦਿੱਤਾ। ਸਾਰੇ ਵਿਦਿਆਰਥੀ ਜਦੋਂ ਜਗਰਾਉਂ ਦੇ ਖਾਲਸਾ ਸਕੂਲ ਵਿਖੇ ਬਣੇ ਸੈਂਟਰ ਵਿਚ ਪੇਪਰ ਦੇਣ ਗਏ ਤਾਂ ਵਿਦਿਆਰਥੀਆਂ ਦੇ ਰੋਲ ਨੰਬਰ ਗਲਤ ਪਾਏ ਗਏ ਅਤੇ ਬੋਰਡ ਵੱਲੋਂ ਜਾਰੀ ਕੀਤੇ ਰੋਲ ਨੰਬਰ ਨਾ ਹੋਣ ਕਾਰਨ ਇਹਨਾਂ ਵਿਦਿਆਰਥੀਆਂ ਨੂੰ ਪੇਪਰ ਨਹੀਂ ਦੇਣ ਦਿੱਤਾ ਗਿਆ। ਪੇਪਰ ਦੇਣ ਤੋਂ ਵਾਂਝਿਆ ਰਹਿਣ ਤੇ ਇਹ ਸਾਰੇ ਵਿਦਿਆਰਥੀਆਂ ਨੇ ਸੈਂਟਰ ਵਿੱਚ ਰੋਂਦਿਆਂ ਕੁਰਲਾਂਦਿਆਂ ਆਪਣੇ ਮਾਪਿਆਂ ਨੂੰ ਸੂਚਿਤ ਕੀਤਾ। ਮਾਪੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਸਥਾਨਕ ਵਿਧਾਇਕ ਸਰਬਜੀਤ ਕੌਰ ਮਾਣੂਕੇ ਦੇ ਘਰ ਪੁੱਜੇ, ਜਿਥੇ ਉਨ੍ਹਾਂ ਸਕੂਲ ਦੇ ਇਸ ਫਰਜ਼ੀਵਾੜੇ ਸਾਰੇ ਮਾਮਲੇ ਦਾ ਖੁਲਾਸਾ ਕੀਤਾ। ਇਸ ਦੇ ਵਿਧਾਇਕਾਂ ਨੇ ਸਖਤ ਐਕਸ਼ਨ ਲੈਂਦਿਆਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੋਂ ਲੈ ਕੇ ਸਿੱਖਿਆ ਮੰਤਰੀ ਨਾਲ ਗੱਲਬਾਤ ਕੀਤੀ। ਉਨ੍ਹਾਂ ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਨਾ ਹੋਣ ਦਾ ਭਰੋਸਾ ਦਿੰਦਿਆਂ ਸਕੂਲ ਖਿਲਾਫ ਵੀ ਸਖਤ ਕਾਰਵਾਈ ਦੀ ਗੱਲ ਕਹੀ।

# ਜ਼ੁਲਮਾਂ ਹੇਠ ਨਾ ਦੱਬਿਆ

ਮੈ ਕਈ ਥਾਵਾਂ ਬਰਬਾਦੀ ਸੁਣੀ ਕਈ ਥਾਵਾਂ ਨਾ ਖੇਤ,
ਹੱਕ ਲਈ ਜੋ ਇਨਸਾਨ ਅੱਗੇ ਵਧਿਆ ਉਹ ਉਸ ਥਾਂ ਸੀ ਢੇਰ।
ਮੇਰੇ ਹੀ ਫ਼ੈਸਲੇ ਜੰਗ ਕੁਰਬਾਨ ਹੋਣ ਚੱਲੇ ਸੀ,



ਤਾਂਕਿ ਹਿੰਦੁਸਤਾਨ ਪੰਜਾਬ ਨਾ ਹੋਵੇ ਕਦੇ ਮੁੱਠ - ਭੇੜ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।
ਲੋਕਾਂ ਵਾਅਦੇ ਮੰਗ ਪੂਰੇ ਨਾ ਸਰਕਾਰ ਦੇ,
ਕਿਉਂ ਚਾਨਣ ਪਾ ਦਿਖਾਏ ਤਾਰੇ ਤੁਸਾਂ ਦਿਨ ਫੇਰ।
ਤੂੰ ਜ਼ੁਲਮ ਕਰ ਪੰਜਾਬ ਅੱਧਾ ਡੋਬ ਦਿੱਤਾ,
ਰੱਲ ਅੰਗ੍ਰੇਜਾਂ ਥਾਈਂ ਵੀ ਤੁਸਾਂ ਕਸਰ ਨਾ ਛੱਡੀ ਮੁੜ ਕਹਿਰ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।
ਲੱਗੀ ਨਜਰ ਮੇਰੇ ਸੋਹਣੇ ਪੰਜਾਬ ਨੂੰ,
ਅੱਖੀ ਵੇਖਿਆ ਖ਼ੂਨੀ ਦਹਾਕਿਆਂ ਦਾ ਇੱਕ ਪਹਿਰ।
ਖ਼ੂਨ ਖੋਲ੍ਹ ਉੱਠਦਾ ਸੀ ਮੇਰੇ ਸਰਾਭੇ ਭਾਅ ਉਦੋਂ,
ਕਰਤਾਰ ਸਿੰਘ ਕਹਿੰਦਾ ਅਸੀ ਛੱਡਣਾ ਨਹੀਂ ਦੇਸ਼ ਧ੍ਰੋਹ ਗ਼ੈਰ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।
ਮਰ ਮੁੱਕਣ ਦਾ ਡਰ ਨਹੀਂ ਸੀ ਰੱਖਿਆ,
ਨਿੱਕੀ ਉਮਰ ਮੈ ਭਗਤ ਕਹਾਉਂ ਤਾਂ ਹੁਣ ਕਿਸਦੀ ਹੈ ਦੇਰ।
ਨਿਸ਼ਾਨੇ ਕੱਸੇ ਵੰਗਾਰ ਦੇ ਉਛਾਲੀ ਫਿਰ ਮੌਕਾ ਲੱਭਿਆ,
ਰਾਜਗੁਰੂ ਸਾਥ ਦਿੱਤਾ ਕਰਤਾਰ ਤੁਰਿਆ ਭਗਤ ਸਿੰਘ ਸੀ ਨੇੜ੍ਹ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।
ਇੱਕ ਉੱਚ ਅਹੁਦੇ ਦਾ ਗੋਰਾ ਮਾਰ ਸੁੱਟਿਆ,
ਬੰਦ ਦੀਵਾਰਾਂ ਲੋਕ ਆਵਾਜ ' ਇਨਕਲਾਬ ਜਿੰਦਾਬਾਦ ' ਨਾ ਜੇਲ੍ਹ। ਗੌਰਵ ਦੱਸ ਰੱਸਾ ਚੁੰਮਣ ' ਤੇ ਫਾਸੀਂ ਲਾ ਮਿਲ ਗਈ,



ਅੱਜ ਭਗਤ ਸਿੰਘ ਨਾਮ ਜਿਊਂਦਾ ਮੁੜ ਦਿੱਸੇ ਹਰ ਵੇਲ।
ਨਾਮ ਭਗਤ ਕਾਮ ਜਗਤ ਲੱਗੀ ਰਾਤੋਂ ਰਾਤ ਛੇੜ,
ਜ਼ੁਲਮਾਂ ਹੇਠ ਨਾ ਦੱਬਿਆ ਬਾਗ਼ੀ ਭਗਤ ਸਿੰਘ ਸੀ ਸ਼ੇਰ।

-ਗੌਰਵ ਧੀਮਾਨ
ਚੰਡੀਗੜ੍ਹ ਜੀਰਕਪੁਰ

# ਲੁਧਿਆਣਾ 'ਚ ਦਿਖਾਈ ਦਿੱਤਾ ਅੰਮ੍ਰਿਤਪਾਲ

## ਸ਼ੇਰਪੁਰ ਚੌਂਕ ਤੋਂ ਫੜੀ ਬੱਸ, ਪੁਲਿਸ ਖੰਗਾਲ ਰਹੀ CCTV



**ਲੁਧਿਆਣਾ/ਸ਼ੰਮੀ ਕੁਮਾਰ**

ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਪਾਪਲਪ੍ਰੀਤ ਨੂੰ ਲੁਧਿਆਣਾ ਰੋਡ 'ਤੇ ਦੇਖਿਆ ਗਿਆ। 18 ਮਾਰਚ ਦੀ ਰਾਤ ਦਾ ਉਸ ਦਾ ਸੀਸੀਟੀਵੀ ਵੀ ਸਾਹਮਣੇ ਆਇਆ ਹੈ। ਅੰਮ੍ਰਿਤਪਾਲ ਪਪਲਪ੍ਰੀਤ ਨਾਲ ਗੁਲਾਬੀ ਰੰਗ ਦੀ ਪੱਗ ਬੰਨ੍ਹ ਕੇ ਸੜਕ 'ਤੇ ਨਜ਼ਰ ਆਇਆ। ਮੀਡਿਆ ਰਿਪੋਰਟਾਂ ਮੁਤਾਬਕ ਫਿਲੌਰ ਤੋਂ ਉਹ ਸਕੂਟੀ ਸਵਾਰ ਤੋਂ ਲਿਫਟ ਲੈ ਕੇ ਲਾਡੋਵਾਲ ਦੀ ਕੱਚੀ ਸੜਕ 'ਤੇ ਪਹੁੰਚ ਗਿਆ। ਇੱਥੇ ਉਹ ਹਾਰਡੀਜ਼ ਵਰਲਡ ਦੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਵੀ ਨਜ਼ਰ ਆਇਆ। ਸੀਸੀਟੀਵੀ ਵਿੱਚ ਉਸ ਦੇ ਨਾਲ ਇੱਕ ਤੀਸਰਾ ਵਿਅਕਤੀ ਵੀ ਨਜ਼ਰ ਆਇਆ, ਪਰ ਉਸ ਦੀ ਪਛਾਣ ਨਹੀਂ ਹੋ ਸਕੀ। ਅੰਮ੍ਰਿਤਪਾਲ ਸਿੰਘ ਨੇ ਲਾਡੋਵਾਲ ਤੋਂ ਜਲੰਧਰ ਬਾਈਪਾਸ ਲਈ ਆਟੋ ਲਿਆ। ਇੱਥੋਂ ਉਹ ਆਟੋ ਲੈ ਕੇ ਸ਼ੇਰਪੁਰ ਚੌਂਕ ਗਿਆ। ਸ਼ੇਰਪੁਰ ਚੌਂਕ 'ਤੇ ਅੰਮ੍ਰਿਤਪਾਲ ਦਾ ਪਪਲਪ੍ਰੀਤ ਨਾਲ ਬੱਸ ਦੇ ਨੇੜੇ ਜਾ ਰਿਹਾ ਵੀਡੀਓ ਸਾਹਮਣੇ ਆਇਆ ਹੈ। ਇਸੇ ਦੌਰਾਨ 19 ਮਾਰਚ ਨੂੰ ਸਵੇਰੇ ਉਨ੍ਹਾਂ ਨੂੰ ਹਰਗੋਬਿੰਦ ਨਗਰ, ਪਟਿਆਲਾ ਰੋਡ, ਸਰਹਿੰਦ ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਏ।ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਪਪਲਪ੍ਰੀਤ ਅਤੇ ਅੰਮ੍ਰਿਤਪਾਲ ਦੋਵੇਂ ਨਜ਼ਰ ਆਏ ਹਨ। ਸ਼ੱਕ ਹੈ ਕਿ ਅੰਮ੍ਰਿਤਪਾਲ ਕੁਝ ਸਮਾਂ ਪਟਿਆਲਾ ਰਹਿਣ ਤੋਂ ਬਾਅਦ ਹੀ ਹਰਿਆਣਾ ਭੱਜ ਗਿਆ ਸੀ।

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਜੂਡੋ ਖਿਡਾਰੀਆਂ ਨੇ ਸੁਗੰਧ ਖਾ ਕੇ ਦਿੱਤੀ ਸ਼ਰਧਾਂਜਲੀ




**ਗੁਰਦਾਸਪੁਰ/ਨਵਨੀਤ ਕੁਮਾਰ**

ਸ਼ਹੀਦ ਭਗਤ ਜੂਡੋ ਟਰੇਨਿੰਗ ਸੈਂਟਰ ਗੁਰਦਾਸਪੁਰ ਵਿਖੇ ਜੂਡੋਕਾ ਵੈਲਫੇਅਰ ਸੁਸਾਇਟੀ ਵੱਲੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਜੂਡੋ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੇ ਭਾਗ ਲਿਆ। ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਸੈਂਟਰ ਸੰਚਾਲਕ ਅਮਰਜੀਤ ਸ਼ਾਸਤਰੀ, ਵਿਦਿਆਰਥੀ ਆਗੂ ਅਮਰ ਕ੍ਰਾਂਤੀ ਅਤੇ ਜੂਡੋਕਾ ਵੈਲਫੇਅਰ ਸੁਸਾਇਟੀ ਦੇ ਵਿੱਤ ਸਕੱਤਰ ਮੈਡਮ ਬਲਵਿੰਦਰ ਕੌਰ ਨੇ ਕਿਹਾ ਕਿ ਭਗਤ ਸਿੰਘ ਬਾਰੇ ਬਹੁਤ ਸਾਰੀਆਂ ਗਲਤ ਵਹਿਮੀਆਂ ਫੈਲਾਈਆਂ ਜਾ ਰਹੀਆਂ ਹਨ ਕਿ ਉਹ ਬੰਬ ਬੰਦੂਕਾਂ ਚਲਾਉਣ ਵਾਲੇ ਨੌਜਵਾਨਾਂ ਦਾ ਲੀਡਰ ਸੀ। ਪਰ ਅਸਲ ਵਿੱਚ ਭਗਤ ਸਿੰਘ ਉਹ ਨੌਜਵਾਨ ਸੀ ਸੋ ਜੋ ਮਰਦੇ ਦਮ ਤੱਕ ਕਿਤਾਬਾਂ, ਅਤੇ ਦੇਸ਼ ਨੂੰ ਪਿਆਰ ਕਰਨ ਵਾਲਾ ਵਿਅਕਤੀ ਸੀ। ਭਗਤ ਸਿੰਘ ਵਿਦਿਆਰਥੀਆਂ ਨੂੰ ਚੰਗੀ ਸਿਹਤ, ਕਿਤਾਬਾਂ ਨਾਲ ਪਿਆਰ ਅਤੇ ਧੀਰਜ ਨਾਲ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੰਦੇ ਸਨ। ਉਹਨਾਂ ਦੱਸਿਆ ਭਗਤ ਸਿੰਘ ਇੱਕ ਇਹੋ ਜਿਹਾ ਸਮਾਜ ਬਣਾਉਣ ਦਾ ਸੁਪਨਾ ਸਿਰਜਣਾ ਚਾਹੁੰਦੇ ਸਨ ਜਿਸ ਵਿਚ ਜਾਤ , ਧਰਮ, ਊਚ ਨੀਚ ਦੇ ਭੇਦ ਭਾਵ ਤੋਂ ਬਿਨਾਂ ਸਭ ਲੋਕਾਂ ਨੂੰ ਜਿਊਣ ਦਾ ਹੱਕ ਹੋਵੇਗਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਹੀਂ ਹੋਵੇਗੀ।ਇਸ ਮੌਕੇ ਖਿਡਾਰੀਆਂ ਨੇ ਧਰਮ, ਜਾਤ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਨਸ਼ਿਆਂ ਤੋਂ ਦੂਰ ਰਹਿਕੇ ਚੰਗੇ ਖਿਡਾਰੀ ਬਣਨ ਅਤੇ ਚੰਗੇਰੇ ਸਮਾਜ ਦੀ ਸਿਰਜਣਾ ਕਰਨ ਦੀ ਸੌਗੰਧ ਲਈ। ਇਸ ਮੌਕੇ ਸਤੀਸ਼ ਕੁਮਾਰ, ਰਵੀ ਕੁਮਾਰ, ਅਤੁਲ ਕੁਮਾਰ, ਹਰਭਜਨ ਸਿੰਘ ਨੇ ਵੀ ਖਿਡਾਰੀਆਂ ਨੂੰ ਭਗਤ ਸਿੰਘ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ।

# ਸਾਹਾਂ ਦੀ ਅੰਜਲੀ 'ਚੋਂ ਨਿਕਲਿਆ ਸਾਹਿਤ ਦੀ ਗੁੜ੍ਹਤੀ ਦਾ ਦਰਿਆ : ਡਾ. ਸੁਰਿੰਦਰ ਕਾਹਲੋਂ

**ਸਾਹਾਂ** ਦੀ ਅੰਜਲੀ 'ਚੋਂ ਨਿਕਲਿਆ ਸਾਹਿਤ ਦੀ ਗੁੜ੍ਹਤੀ ਦਾ ਦਰਿਆ ਹੈ ਡਾ. ਸੁਰਿੰਦਰ ਕਾਹਲੋਂ । ਉਹ ਸ਼ਬਦ ਸ਼ਿਲਪੀ, ਭੂਮੀ ਸ਼ਿਲਪੀ ਦੇ ਨਾਲ-ਨਾਲ ਮੁਫ਼ਤ ਔਸ਼ਧੀ ਵੰਡ ਸ਼ਿਲਪੀ ਦਾ ਸੱਚਾ-ਸੁੱਚਾ ਕਿਰਦਾਰ ਨਿਭਾ ਰਿਹਾ ਹੈ । ਡਾ. ਸੁਰਿੰਦਰ ਕਾਹਲੋਂ ਲਗਭਗ 25 ਦੇ ਕਰੀਬ, ਵੱਖ-ਵੱਖ ਵਿਧਾਵਾਂ ਵਿਚ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾ ਚੁੱਕਾ ਹੈ । ਸਾਹਿਤ ਸਿਰਜਨਾ ਦੇ ਨਾਲ-ਨਾਲ ਕਾਹਲੋਂ ਨੇ ਖੇਤੀਬਾੜੀ ਕਿਰਿਆਵਾਂ ਵਿਚ ਵੀ ਬਹੁਤ ਮਿਹਨਤ ਕਰਕੇ ਸਫ਼ਲਤਾ ਦੇ ਖ਼ੂਬਸੂਰਤ ਸੁਗੂਫ਼ੇ ਪੈਦਾ ਕੀਤੇ ਹਨ । ਉਨ੍ਹਾਂ ਨੇ ਪੱਤਣ ਰੋਡ, ਪੁਰਾਣਾ ਸ਼ਾਲਾ, ਗੁਰਦਾਸਪੁਰ ਵਿਖੇ ਲਗਭਗ ਦਸ ਏਕੜ ਬੇਕਾਰ, ਉਜਾੜ ਪਈ ਜ਼ਮੀਨ ਨੂੰ ਉਪਜਾਊ ਬਣਾ ਕੇ ਪੰਜਾਬ ਕਿਰਸਾਨੀ ਇਤਿਹਾਸ ਵਿਚ ਇਕ ਮਿਸਾਲ ਪੈਦਾ ਕੀਤੀ । ਇਹ ਦਸ ਏਕੜ ਜ਼ਮੀਨ ਛੰਭ ਦਾ ਇਲਾਕਾ ਸੀ, ਜਿੱਥੇ ਜੜੀ-ਬੂਟੀ, ਜੰਗਲ, ਬੇਲ, ਸੇਮ ਅਤੇ ਪਾਣੀ ਦੇ ਵਹਿਣ ਨਾਲ ਭੂਮੀ ਦਾ ਤੇ ਫ਼ਸਲਾਂ ਦਾ ਨੁਕਸਾਨ ਹੁੰਦਾ ਸੀ । ਪਰ ਕਾਹਲੋਂ ਅਤੇ ਉਸ ਦੇ ਪਰਿਵਾਰ ਨੂੰ ਲਗਭਗ ਦਸ ਸਾਲ ਲਗਾ ਕੇ ਬਿਨਾਂ ਮਜ਼ਦੂਰਾਂ ਦੀ ਮਦਦ ਦੇ ਸਿਰਫ਼ ਤਾਂ ਸਿਰਫ਼ ਆਪਣੇ ਪਰਿਵਾਰ ਦੀ ਮਦਦ ਨਾਲ ਦਸ ਏਕੜ ਜ਼ਮੀਨ 'ਚੋਂ ਜੜੀ ਬੂਟੀ, ਜੰਗਲ, ਬੂਝੇ ਆਦਿ ਔਜ਼ਾਰਾਂ ਨਾਲ ਹੱਥੀਂ ਪੁੱਟ ਕੇ ਸਾਰੀ ਬੇਕਾਰ ਜ਼ਮੀਨ ਨੂੰ ਵਾਹੀਯੋਗ ਬਣਾ ਕੇ ਕਰਮਠਤਾ ਦੇ ਕੀਰਤੀਮਾਨ ਸਥਾਪਿਤ ਕਰ ਦਿੱਤੇ । ਅੱਜ-ਕੱਲ੍ਹ ਇਸ ਉਪਜਾਊ ਜ਼ਮੀਨ ਵਿਚ ਤਰ੍ਹਾਂ-ਤਰ੍ਹਾਂ ਸਬਜ਼ੀਆਂ, ਫ਼ਸਲਾਂ, ਕਣਕ, ਝੋਨਾ, ਕਮਾਦ, ਚਾਰਾ ਤੋਂ ਇਲਾਵਾ ਕਈ ਫਲਦਾਰ ਬੂਟੇ ਕਮਾਈ ਦੇ ਰਹੇ ਹਨ । ਅਲਬੱਤਾ ਦੇਸੀ ਰੂੜੀ ਵਾਲੀਆਂ ਹੀ ਫ਼ਸਲਾਂ ਤਿਆਰ ਕੀਤੀਆਂ ਜਾਂਦੀਆਂ ਹਨ । ਡਾ. ਕਾਹਲੋਂ ਮੂਲ ਰੂਪ ਵਿਚ ਇਕ ਕਰਮਠ, ਉਦਮੀ, ਅਨੁਸ਼ਾਸਨ ਪਰਕ, ਸ਼ਬਦ ਸ਼ਿਲਪੀ ਅਤੇ ਭੂਮੀ ਸ਼ਿਲਪੀ ਹੈ । ਭਾਵ ਕਿ ਉਹ ਇਕ ਵਧੀਆ ਮਿਹਨਤੀ ਸਾਹਿਤਕਾਰ ਅਤੇ ਉਦਮੀ ਖੋਜੀ ਸਿਰਜਕ ਕਿਸਾਨ ਵੀ ਹੈ । ਇਹ ਦੋਵੇਂ ਸ਼ਿਲਪ ਉਸ ਦੇ ਦੋਸਤ ਹਨ, ਉਸ ਦੇ ਰੱਬ ਹਨ, ਉਸ ਦੇ ਗੁਰੂ ਹਨ, ਉਸ ਦੇ ਪੂਜਕ । ਲੇਖਨ ਅਤੇ ਕਿਰਸਾਨੀ ਉਸ ਦੇ ਨਾਂਅ ਦੇ ਪਰਾਏਵਾਚੀ ਹਨ । ਇਕ ਸ਼ਰੀਰ ਦੇ ਸੱਜਾ ਅਤੇ ਖੱਬਾ ਹੱਥ । ਉਸ ਦੇ ਸਹਿਜ ਆਵੇਸ਼ ਦਾ ਅਟੁੱਟ ਅੰਗ ਹਨ । ਵੇਖਿਆ ਜਾਵੇ ਤਾਂ ਦੋਵਾਂ ਸ਼ਿਲਪਾਂ ਵਿਚ ਜ਼ਮੀਨੀ ਯਥਾਰਥ ਦਾ ਮਾਲਿਕ ਵੀ ਹੈ, ਮਜ਼ਦੂਰ ਵੀ, ਵਿਕਰੇਤਾ



ਵੀ ਅਤੇ ਪਹਿਰੇਦਾਰੀ 'ਚ ਰਹਿਬਰ ਵੀ । ਉਸ ਨੂੰ ਖੇਤੀ ਦੇ ਸੰਸਕਾਰ ਜੱਦੀ ਪੁਸ਼ਤੀ ਮਿੱਟੀ ਦੀ ਖ਼ੁਸ਼ਬੂ 'ਚੋਂ ਮਿਲੇ ਅਤੇ ਸਾਹਿਤਕ ਸੰਸਕਾਰ ਅੰਤਰ ਆਤਮਾ ਅਤੇ ਬਾਹਰੀ ਸਾਮਾਜਿਕ ਸੰਜੋਗ 'ਚੋਂ ਮਿਲੇ । ਉਸ ਵਿਚ ਸਾਹਿਤਕਾਰੀ ਅਤੇ ਕਿਰਸਾਨੀ ਕਿਰਿਆਵਾਂ ਸੰਪੂਰਤ ਤੌਰ 'ਤੇ ਸਮਤੋਲ ਹੁੰਦੀਆਂ ਹੋਈਆਂ ਸ਼ਬਦ ਸੰਜੋਗ ਦੇ ਨਾਲ-ਨਾਲ ਜ਼ਰਬਾਂ ਦਿੰਦੀਆਂ ਹੋਈਆਂ, ਮਜ਼ਬੂਰੀਆਂ, ਸਾਮਾਜਿਕ ਕੁਰੀਤੀਆਂ ਨੂੰ ਸ਼ਬਦ-ਯਾਤਰਾ ਦਾ ਹਿੱਸਾ ਬਣਾਉਂਦੀਆਂ ਹਨ । ਉਸ ਦੀਆਂ ਪੁਸ਼ਤਕਾਂ (ਲੇਖਣੀ) ਦਾ ਵਿਸ਼ਾ ਸਾਮਾਜਿਕ ਕੁਰੀਤੀਆਂ, ਧਾਰਮਿਕ ਸਥਾਨ, ਅਧਿਆਤਮਿਕਤਾ, ਸਮਾਜਿਕ ਇਨਸਾਨੀ ਕਦਰਾਂ ਕੀਮਤਾਂ ਵਿਚ ਵਲੂਧਰੇ ਸਮਾਜ ਦੀ ਵੇਦਨਾ ਦੀ ਭੜਾਸ, ਰਿਸ਼ਤੇ ਨਾਤਿਆਂ ਦੇ ਛੋਟੇ-ਛੋਟੇ, ਵੱਡੇ-ਵੱਡੇ ਸਮੱਸਿਆਵਾਂ ਦੇ ਪੁਲ ਜੋ ਦੋਵਾਂ ਕਿਨਾਰਿਆਂ ਨੂੰ ਆਪਸ ਵਿਚ ਮਿਲਾ ਕੇ ਜ਼ਿੰਦਗੀ ਦੇ ਸਥਿਰ ਕਾਮਯਾਬ ਰਸਤੇ ਬਣਾਉਂਦਾ ਹੈ । ਉਸ ਨੇ ਸਮਾਜ ਵਿਚ ਵਿਚਰਦੇ ਹਰ ਪਹਿਲੂ ਉਪਰ ਕਿਸੇ ਨਾ ਕਿਸੇ ਵਿਧਾ ਵਿਚ ਜ਼ਰੂਰ ਲਿਖਿਆ ਹੈ । ਉਸ ਦੀ ਕਾਵਿਕ ਐ ਵਾਰਤਕ ਯਾਤਰਾ ਵਿਚ ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਦੇ ਸ਼ਬਦ ਨਾਲ-ਨਾਲ ਤੁਰਦੇ ਹੋਏ ਅਰਥ ਸਪਸ਼ਠ ਕਰਦੇ ਜਾਂਦੇ ਹਨ । ਵੇਖਿਆ ਜਾਵੇ ਤਾਂ ਸਮਾਜ ਵਿਚ ਕੁਝ ਲੋਕ ਜੀਣਾ ਸਿਖਾ ਰਹੇ ਹਨ, ਕੁਝ ਲੋਕ ਜੀਣਾ ਸਮਝ ਰਹੇ ਹਨ, ਕੁਝ ਲੋਕ ਸਮਝਣ ਦੀ ਕੋਸ਼ਿਸ ਕਰ ਰਹੇ ਹਨ, ਕੁਝ ਲੋਕ ਸਹੀ ਦਿਸ਼ਾ ਵਿਚ ਜੀਅ ਰਹੇ ਹਨ ਅਤੇ ਲੋਕ ਜ਼ਿੰਦਗੀ ਨੂੰ ਸਾਕਾਰਮਿਕ ਅਰਥ ਦੇ ਕੇ ਜੀਅ ਰਹੇ ਹਨ ਪਰ ਡਾ. ਕਾਹਲੋਂ ਜ਼ਿੰਦਗੀ ਦੇ ਸਾਕਾਰਤਮਿਕ ਅਰਥ ਲੈ ਕੇ ਕ੍ਰਿਤ ਦੇ ਹਸਤਾਖ਼ਰ ਕਰਦਾ ਚੱਲਿਆ ਜਾ ਰਿਹਾ ਹੈ । ਇਹ ਉਸ ਦੇ ਹਸਤਾਖ਼ਸਰ ਸਾਹਿਤ ਦੀ ਜ਼ਮੀਨ ਦੀ ਰਜਿਸਟਰੀ ਦਾ ਕਾਰਜ ਕਰਦੇ ਚਲੇ ਜਾਂਦੇ ਹਨ । ਸਾਹਿਤ ਦੀ ਹਰ ਵਿਧਾ ਵਿਚ ਮੁਸ਼ਕਿਲ ਸ਼ਬਦ ਵੀ ਆਪਣੇ ਅਰਥਾਂ ਨੂੰ ਗੂੰਗਾ ਨਹੀਂ ਹੋਣ ਦਿੰਦੇ ਸਗੋਂ ਸਪਸ਼ਟਤਾ, ਸਰਲਤਾ ਦੀ ਭਾਵਨਾਤਮਿਕ ਖ਼ੁਸ਼ਬੂ ਪੈਦਾ ਕਰਦੇ ਹਨ । ਉਹ ਛੰਭ-ਬੇਟ ਦੇ ਪਿਛੜੇ ਇਲਾਕੇ ਵਿਚ ਰਹਿ ਕੇ ਵੀ ਮੁਸ਼ਕਿਲ ਸ਼ਬਦਾਂ ਦਾ ਪ੍ਰਯੋਗ ਕਰਕੇ ਅਪਾਣੀ ਵਿਦਵਧਤਾ ਦੀ ਚਾਸ਼ਣੀ ਘੋਲ ਦਿੰਦਾ ਹੈ । ਜੋ ਕਦੀ-ਕਦੀ ਸਾਧਾਰਣ ਪਾਠਕ ਦੀ ਪਹੁੰਚ 'ਚੋਂ ਪਰ੍ਹੇ ਦੀ ਗੱਲ ਹੋ ਜਾਂਦੀ ਹੈ । ਉਸ ਦੇ ਵਿਸ਼ੇ ਬੇਸ਼ਕ ਸਮਾਜ 'ਚੋਂ ਲਏ ਹੁੰਦੇ ਹਨ ਪਰ ਵਰਤਮਾਨ ਅਤੇ ਭਵਿੱਖ ਦੀ ਆਕਾਸ਼ਵਾਣੀ ਕਰਦੇ ਪ੍ਰਤੀਤ ਹੁੰਦੇ ਹਨ । ਉਸ ਦਾ ਸਾਹਿਤ ਸ਼ਬਦਾਂ ਦੀ ਜ਼ਬਾ 'ਚੋਂ ਕ੍ਰਾਂਤੀਕਾਰੀ ਸੰਭਾਵਨਾਵਾਂ ਨੂੰ ਵੀ ਜਨਮ ਦਿੰਦਾ ਰਹਿੰਦਾ ਹੈ । ਉਸ ਨੇ ਕਲਪਨਾਮਈ ਸੰਸਾਰ ਨੂੰ ਆਵੇਸ਼ 'ਚ ਸਥਾਨ ਨਹੀਂ ਦਿੱਤਾ ਬਲਕਿ ਯਥਾਰਥ ਦੀ ਹਿਕ ਵਿਚ ਅੱਖਰ-ਜਨਾਨੀ ਖੋਭ ਕੇ ਹੱਕਾਂ ਦੀ ਗੱਲ ਜ਼ਰੂਰੀ ਕੀਤੀ ਹੈ । ਆਧਿਆਤਮਿਕ ਵਿਸ਼ਿਆਂ ਨੂੰ ਵੀ ਉਸ ਨੇ ਆਪਣੀ ਕਲਮ ਦੇ ਸ਼ਬਦਾਂ 'ਚ ਪਿਰੋ ਕੇ ਅਰਥ ਪੂਰਵਕ, ਸਿੱਖਿਆਦਾਇਕ ਅਤੇ ਸੰਦੇਸ਼ ਪੂਰਵਕ ਸੰਦੇਸ਼ ਦੇਣ ਦੇ ਵੀ ਉਚਿਤ ਉਪਰਾਲੇ ਕੀਤੇ ਹਨ । ਉਹ ਛੰਭ ਬੇਟ ਦੇ ਇਲਾਕੇ ਵਿਚ ਰਹਿੰਦਾ ਹੋਇਆ ਵੀ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਜੰਗਲ 'ਚ ਸ਼ਬਦੀ ਫਕੀਰ ਕੁਟੀਆ ਬਣਾ ਕੇ ਰਹਿੰਦਾ ਹੋਵੇ ਅਤੇ ਅਸਮਾਨ ਵੱਲ ਹੱਥ ਉਪਰ ਕਰਕੇ ਇਸ ਇਲਾਕੇ ਦੀ ਧਰਤੀ ਮਾਂ ਦੀ ਖੈਰ ਮੰਗ ਰਿਹਾ ਹੋਵੇ ਆਪਣੇ ਹੱਲ ਅਤੇ ਕਲਮ ਦੀ ਲੋਕ 'ਤੇ । ਉਸ ਦਾ ਪਹਿਰਾਵਾ ਸਰਲ, ਸਾਧਾਰਣ, ਖੇਚਲ ਰਹਿਤ ਅਤੇ ਪੇਂਡੂ ਅਹਿਸਾਦ ਦੀ ਗੁੜ੍ਹਤੀ ਵਾਲਾ । ਛੰਭ ਦੇ ਫੜਫੜਾਂਦੇ ਉਡਦੇ ਪੰਛੀਆਂ ਦੇ ਖੰਭਾਂ ਵਰਗਾ ਉਸ ਦਾ ਹਾਸਾ ਕੁਦਰਤੀ ਸ਼ਾਇਰੀ ਦੇ ਪੈਗੰਬਰ ਹੋਣ ਦਾ ਸਬੂਤ ਦੇ ਜਾਂਦਾ ਹੈ । ਅਮੂਮਨ ਸਫੇਦ ਕੁਰਤਾ ਪਜ਼ਾਮਾ ਉਸ ਦੇ ਸੁਭਾਅ ਦਾ ਸੰਸਕਾਰ ਹੈ । ਸਫ਼ੇਦ ਪਗੜੀ, ਸਫ਼ੇਦ ਪਹਿਰਾਵਾ, ਬੱਝੀ ਹੋਈ ਦਾਹੜੀ ਅਤੇ ਚਿਹਰੇ 'ਤੇ ਝੁਰੜੀਆਂ ਰਹਿਤ ਲਲਾਟ ਹੇਠ ਤੀਰ ਕਮਾਨੀ ਚਿੱਟੀਆਂ ਭਵਾਂ ਕਿਸੇ ਦਾਰਸ਼ਨਿਕ ਹੋਣ ਦਾ ਮੁਕੰਮਲ ਸਬੂਤ । ਚੁਸਤ ਚਾਲ ਵਿਚ ਮਸਤੀ, ਯਾਰਾਨਿਆਂ ਤੋਂ ਥੋੜ੍ਹੀ ਦੂਰ, ਕੁਝ ਕੁ ਸੱਜਣ, ਧੋਖੇ ਰਹਿਤ । ਸਾਹਿਤ ਸਭਾਵਾਂ ਤੋਂ ਥੋੜ੍ਹਾ ਦੂਰ, ਲੇਖਣ ਤੇ ਕਿਰਸਾਨੀ ਦੇ ਕੋਲ-ਕੋਲ । ਛੰਭ ਅਤੇ ਬੇਟ ਇਲਾਕੇ ਨੂੰ ਮਹਿਸੂਸ ਕਰਦਾ ਹੋਇਆ ਕੁਚਲੇ ਦੱਬੇ, ਬੇਸਹਾਰਾ ਪ੍ਰਤੀਕਾਂ ਨੂੰ ਆਪਣੀ ਕਲਮ ਰਾਹੀਂ ਹੱਕ ਅਤੇ ਇਨਸਾਫ਼ ਪ੍ਰਤੀ ਜੂਝਣ ਲਈ, ਪੰਛੀਆਂ ਅਤੇ ਆਲ੍ਹਣੇ ਦੇ ਮਾਸੂਮ ਬੋਟਾਂ ਨੂੰ ਅੰਬਰ ਛੂਹਣ ਦੀ ਅਗਵਾਈ ਲਈ ਪ੍ਰੇਰਿਤ ਕਰਨ ਦੀ ਜ਼ਰੂਰਤ ਵੀ ਰੱਖੀ ਜਾਂਦਾ ਹੈ । ਉਸ ਦੀਆਂ ਕਵਿਤਾਵਾਂ ਮੁਸ਼ਕਿਲ ਰਾਹਾਂ 'ਚੋਂ ਲੰਘਦੀਆਂ ਹੋਈਆਂ ਮੰਜ਼ਿਲਾਂ ਤੱਕ ਪਹੁੰਚੇ ਹੀ ਜਾਂਦੀਆਂ ਹਨ । ਇਕ ਹੀ ਵਿਸ਼ੇ ਉਪਰ ਲੰਬੀ ਕਵਿਤਾ ਨੂੰ ਪੂਰੀ ਕਿਤਾਬ ਵਿਚ ਉਤਾਰਨ ਦੀ ਵੀ ਉਸ ਨੂੰ ਉਸਤਾਦੀ ਗੁਣਾਂ ਦੀ ਮੁਹਾਰਿਤ ਹੈ । ਵਾਰਤਕ ਨੂੰ ਵੀ ਕਵਿਤਾ ਦੇ ਰੰਗਾਂ ਵਿਚ ਪਿਰੋ ਕੇ ਖ਼ੂਬਸੂਰਤ ਫੁਲਕਾਰੀ ਬਣਾਉਣ ਦਾ ਵੀ ਮਾਹਿਰ ਸ਼ਿਲਪੀ ਹੈ । ਕਿਤੇ ਕਿਤੇ ਉਸ ਦੀ ਕਵਿਤਾ ਸਮੁੰਦਰ ਦੇ ਸੋਰ 'ਚੋਂ ਲੰਘਦੀ ਹੋਈ ਸ਼ਾਨਦਾਰ ਸੰਗਤਮਈ ਲੋਰੀ ਵੀ ਬਣ ਜਾਂਦੀ ਹੈ । ਚੀਕ ਦੀ ਪਰਿਭਾਸ਼ਾ ਜੇ ਹਾਕਮ ਜਾਂ ਪ੍ਰਸ਼ਾਸਨ ਸਮਝੇਗਾ ਤਾਂ ਛੋਟੀਆਂ-ਛੋਟੀਆਂ ਕ੍ਰਾਂਤੀਆਂ ਦਾ ਸਮੂਹ ਤਬਦੀਲੀਆਂ ਦੀ ਹੋਂਦ ਉਤਪਨ ਕਰੇਗਾ । ਉਸ ਦੀ ਕਵਿਤਾ ਦੀ ਚੀਕ ਬੇਬਸੀ, ਮਜ਼ਲੂਮਾਂ ਦੇ ਢਿੱਡ ਨੂੰ ਚੀਰ ਕੇ ਨਿਕਲਦੀ ਹੈ । ਅੰਤਰ ਰਾਸ਼ਟਰੀ ਦੀ ਠੋਸਣ ਨੀਤੀ ਅਤੇ ਵਿਅਕਤੀਆਂ ਦਾ ਵਧਦਾ ਜਾਲ ਅਤੇ ਬਚਾਓ ਨੀਤੀਆਂ ਦਾ ਸੰਘਰਸ਼, ਸੰਵੇਨਸ਼ੀਲ ਅਤੇ ਦੇਸ਼-ਵਫ਼ਾਦਾਰੀ ਚਿੰਤਾ ਨੂੰ ਵੀ ਉਸ ਦੇ ਸ਼ਬਦਾਂ ਨੇ ਪਰੋ ਕੇ ਰੱਖਿਆ ਹੈ । ਉਸ ਦੀਆਂ ਬਾਲ ਕਵਿਤਾਵਾਂ ਵਿਚ ਬੱਚਿਆਂ ਦਾ ਸ਼ੁੱਧ ਆਚਾਰਣ, ਮਾਂ ਬਾਪ ਦਾ ਨਿੱਘਾ ਸਹਿਯੋਗ, ਅਧਿਆਪਕ ਵਰਗ ਅਤੇ ਸਮਾਜ ਪ੍ਰਤੀ, ਸੁਹਿਰਦ ਫਰਜ਼ਾਂ ਅਤੇ ਅਧਿਕਾਰਾਂ ਦੇ ਅਕੂੰਰ ਵੀ ਫੁੱਟਦੇ ਹਨ । ਅਗਰ ਤੁਸੀਂ ਗੁਰਦਾਸਪੁਰ ਦੇ ਛੰਭ ਬੇਟ ਦੇ ਇਲਾਕੇ ਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਆਓ ਤਾਂ ਪੁਰਾਣਾ ਸ਼ਾਲਾ ਤੋਂ ਮੁਕੇਰੀਆਂ ਰੋਡ ਨੂੰ ਜਾਂਦਿਆਂ ਲਗਭਗ ਦੋ ਕਿਲੋਮੀਟਰ ਦੀ ਦੂਰੀ ਤੋਂ ਖੱਬੇ ਪਾਸੇ ਸੜਕ ਦੇ ਨਾਲ ਵਾਹੀ ਯੋਗ ਭੂਮੀ ਵਿਚ ਉਸ ਦਾ ਨਿਵਾਸ ਸਥਾਨ ਹੈ । ਅਗਰ ਇਸ ਇਲਾਕੇ ਵੱਲ 75 ਸਾਲਾਂ ਦਾ ਨੌਜਵਾਨ ਤੁਹਾਨੂੰ ਪੈਦਲ ਚੱਲਦਾ ਕਿਤੇ ਮਿਲ ਜਾਵੇ ਤਾਂ ਸਮਝੋ ਡਾ. ਸੁਰਿੰਦਰ ਕਾਹਲੋਂ ਹੀ ਹੋਵੇਗਾ ਕਿਉਂਕਿ ਉਹ ਪੈਦਲ ਹੀ ਚੱਲਦਾ ਹੈ । ਉਹ ਸਾਈਕਲ ਤੱਕ ਨਹੀਂ ਚਲਾਉਂਦਾ, ਰਿਕਸ਼ੇ 'ਤੇ ਨਹੀਂ ਬੈਠਦਾ । ਸਿਰਫ਼ ਬੱਸ ਵਿਚ ਸਫ਼ਰ ਕਰਦਾ ਹੈ । ਨਾ ਕੋਈ ਮੋਬਾਈਲ ਵਿਚ ਵਟਸਐਪ, ਨਾ ਫੇਸਬੁੱਕ ਤੇ ਨਾ ਕੁਝ ਹੋਰ ਸਿਰਫ਼ ਚੰਦ ਦੋਸਤਾਂ ਦੇ ਨੰਬਰ । ਉਸ ਨੇ ਆਪਣੇ ਘਰ ਵਿਚ ਗਿਆਨ ਪ੍ਰਭਾਤ ਪੇਂਡੂ ਲਾਇਬ੍ਰੇਰੀ ਖੋਲ੍ਹੀ ਹੋਈ ਹੈ । ਇਲਾਕੇ ਦੇ ਬੱਚੇ, ਲੋਕ ਇਸ ਦਾ ਫਾਇਦਾ ਲੈਂਦੇ ਹਨ । ਤਿੰਨ ਹਜ਼ਾਰ ਦੇ ਕਰੀਬ ਪੁਸਤਕ ਭੰਡਾਰ ਹੈ । ਇਹ ਹੀ ਨਹੀਂ ਨਿਸ਼ਕਾਮ ਸੇਵਾ ਦਵਾਖਾਨਾ (ਮੁਫ਼ਤ ਔਸ਼ਧੀ ਸੇਵਾ) ਵੀ ਚਲਾਉਂਦਾ ਹੈ । ਸ਼ਨੀਵਾਰ ਅਤੇ ਐਤਵਾਰ ਪਿੰਡ ਝੌਰ ਵਿਖੇ ਡਾਕਟਰਾਂ ਦੀ ਟੀਮ ਨਾਲ ਮੁਫ਼ਤ ਔਸ਼ਧੀ ਸੇਵਾ ਵੀ ਕਰਦਾ ਹੈ । ਉਸ ਨੂੰ ਕਈ ਮਾਨ ਸਨਮਾਨ ਵੀ ਮਿਲ ਚੁੱਕੇ ਹਨ । ਖ਼ਾਸ ਕਰਕੇ ਸੰਤ ਰਾਮ ਉਦਾਸੀ ਪੁਰਸਕਾਰ, ਜਸ਼ਪਾਲ ਹੰਜਰਾ ਯਾਦਗਾਰੀ ਸਨਮਾਨ, ਜਨ ਚੇਤਨਾ ਪੁਰਸਕਾਰ, ਅੱਲਾ ਯਾਰ ਖਾਂ ਯੋਗੀ ਪੁਰਸਕਾਰ ਅਤੇ ਹੋਰ ਕਈ ਪੁਰਸਕਾਰ ਉਸ ਨੂੰ ਮਿਲੇ ਚੁੱਕੇ ਹਨ । ਉਸ ਦੀ ਸ੍ਰੀਮਤੀ ਹਰਜਿੰਦਰ ਕੌਰ ਦਾ ਬਹੁਮੁੱਲਾ ਅਤੇ ਨਿੱਘਾ ਸਹਿਯੋਗ ਹੈ ਜਿਸ ਕਰਕੇ ਉਹ ਆਪਣੇ ਸਾਰੇ ਕਾਰਜਾਂ ਵਿਚ ਸਫਲਤਾ ਦੇ ਝੰਡੇ ਬੁਲੰਦ ਕਰਦਾ ਚੱਲਿਆ ਜਾ ਰਿਹਾ ਹੈ । ਖ਼ਾਸ ਕਰਕੇ ਉਸ ਦਾ ਬੇਟਾ ਮਨਭਾਵਨ ਸਿੰਘ ਕਾਹਲੋਂ ਉਚ ਸਿੱਖਿਆ ਲੈ ਕੇ ਸਰਕਾਰੀ ਨੌਕਰੀ ਕਰਦਾ ਹੈ ਅਤੇ ਕੁਝ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾ ਚੁੱਕਾ ਹੈ । ਡਾ. ਕਾਹਲੋਂ ਦੀ ਬੇਟੀ ਪੀ.ਜੀ.ਆਈ. ਚੰਡੀਗੜ੍ਹ ਤੋਂ ਐਮ.ਡੀ. ਕਰਕੇ ਪੀ.ਜੀ.ਆਈ. ਵਿਚ ਹੀ ਡਾਕਟਰੀ ਦੀਆਂ ਸੇਵਾਵਾਂ ਨਿਭਾਅ ਰਹੀ ਹੈ । ਭਵਿੱਖ ਵਿਚ ਡਾ. ਕਾਹਲੋਂ ਲਈ ਸਾਰੇ ਪਰਿਵਾਰ ਲਈ ਢੇਰ ਸਾਰੀਆਂ ਦੁਆਵਾਂ, ਸ਼ੁੱਭਕਾਮਨਾਵਾਂ ਹਨ ਕਿ ਹੋਰ ਬੁਲੰਦੀ ਨੂੰ ਛੂਹ ਕੇ ਸਮਾਜ ਨੂੰ ਸਾਹਿਤਕ ਅਤੇ ਖੇਤੀ ਖੋਜ ਉਪਜ ਵਿਚ ਕਰਮਠਤਾ ਪੈਦਾ ਕਰਦੇ ਹੋਏ ਨਵੇਂ ਕੀਰਤੀਮਾਨ ਸਥਾਪਿਤ ਕਰੇਗਾ ।



-ਬਲਵਿੰਦਰ ਬਾਲਮ
ਓਂਕਾਰ ਨਗਰ, ਗੁਰਦਾਸੁਰ (ਪੰਜਾਬ)
ਅੱਜ-ਕੱਲ੍ਹ ਐਡਮਿੰਟਨ-ਕਨੇਡਾ

# ਭਾਰਤੀ ਹਵਾਈ ਫ਼ੌਜ ਦੇ ਅਧਿਕਾਰੀਆਂ ਨੇ ਨੌਜਵਾਨ ਲੜਕੇ-ਲੜਕੀਆਂ ਨੂੰ ਹਵਾਈ ਫ਼ੌਜ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ

**ਗੁਰਦਾਸਪੁਰ/ਨਵਨੀਤ ਕੁਮਾਰ**

ਏਅਰ ਫੋਰਸ ਸਟੇਸ਼ਨ ਅੰਬਾਲਾ ਕੈਂਟ ਤੋਂ ਪਹੁੰਚੇ ਭਾਰਤੀ ਹਵਾਈ ਫ਼ੌਜ ਦੇ ਅਧਿਕਾਰੀ ਸਾਰਜੈਂਟ ਸ੍ਰੀ ਮੁਨੀਸ਼ ਕੁਮਾਰ ਅਤੇ ਕੋਰਪੋਰਲ ਰਾਜਾ ਮੇਹਿੰਦਰਾ ਵੱਲੋਂ ਐਸ.ਡੀ. ਕਾਲਜ ਫਾਰ ਵਿਮੈਨ ਗੁਰਦਾਸਪੁਰ, ਸਰਕਾਰੀ ਕਾਲਜ ਗੁਰਦਾਸਪੁਰ ਅਤੇ ਐਸ.ਐਸ.ਐਮ. ਕਾਲਜ ਦੀਨਾਨਗਰ ਵਿਖੇ ਪਹੁੰਚ ਕੇ ਨੌਜਵਾਨ ਲੜਕੇ-ਲੜਕੀਆਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਗਿਆ। ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋਣ ਸਬੰਧੀ ਜਾਗਰੂਕਤਾ ਸੈਮੀਨਾਰਾਂ ਵਿੱਚ ਸਾਰਜੈਂਟ ਸ੍ਰੀ ਮੁਨੀਸ਼ ਕੁਮਾਰ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਦੁਨੀਆਂ ਦੀਆਂ ਸਭ ਤੋਂ ਬੇਹਤਰ ਹਵਾਈ ਸੈਨਾਵਾਂ ਵਿਚੋਂ ਇੱਕ ਹੈ ਅਤੇ ਹਵਾਈ ਸੈਨਾ ਵਿੱਚ ਲੜਕੇ-ਲੜਕੀਆਂ ਲਈ ਆਪਣਾ ਕਰੀਅਰ



ਬਣਾਉਣ ਦੇ ਬਹੁਤ ਸ਼ਾਨਦਾਰ ਮੌਕੇ ਹਨ। ਉਨ੍ਹਾਂ ਕਿਹਾ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋ ਕੇ ਨੌਜਵਾਨ ਆਪਣੇ ਸੁਪਨੇ ਸਾਕਾਰ ਕਰਨ ਦੇ ਨਾਲ ਦੇਸ਼ ਦੀ ਸੇਵਾ ਵਿੱਚ ਵੀ ਆਪਣਾ ਯੋਗਦਾਨ ਪਾ ਸਕਦੇ ਹਨ ।ਕੋਰਪੋਰਲ ਰਾਜਾ ਮੇਹਿੰਦਰਾ ਨੇ ਦੱਸਿਆ ਕਿ ਭਾਰਤੀ ਹਵਾਈ ਫ਼ੌਜ ਵੱਲੋਂ ਅਗਨੀਪੱਥ ਸਕੀਮ ਦੇ ਤਹਿਤ ਭਾਰਤੀ ਵਾਯੂ ਸੈਨਾ ਵਿੱਚ ਅਗਨੀਵੀਰ ਵਾਯੂ ਦੀਆਂ ਆਸਾਮੀਆ ਲਈ ਆਨਲਾਈਨ ਰਜਿਸਟ ?ਰੇਸ਼ਨ ਪ੍ਰਕਿਰਿਆ ਚੱਲ ਰਹੀ ਹੈ ਜੋ 31 ਮਾਰਚ 2023 ਨੂੰ ਸ਼ਾਮ 5:00 ਵਜੇ ਤੱਕ ਹੋਵੇਗੀ। ਉਨਾਂ ਦੱਸਿਆ ਕਿ ਇਨਾਂ ਆਸਾਮੀਆਂ ਲਈ ਪ੍ਰੀਖਿਆ ਮਿਤੀ 20 ਮਈ 2023 ਤੋਂ ਬਾਅਦ ਹੋਵੇਗੀ ।ਹਵਾਈ ਸੈਨਾ ਦੇ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰ ਦੀ ਜਨਮ ਸੀਮਾ 26 ਦਸੰਬਰ 2002 ਤੋਂ 26 ਜੂਨ 2006 (ਦੋਨੋਂ ਦਿਨ ਸ਼ਾਮਿਲ) ਹੋਣੀ ਚਾਹੀਦੀ ਹੈ। ਉਨਾਂ ਦੱਸਿਆ ਕਿ ਇਨਾਂ ਆਸਾਮੀਆਂ ਲਈ ਉਮੀਦਵਾਰ ਨੇ ਬਾਰਵੀਂ ਜਾਂ 3 ਸਾਲ ਦਾ ਇੰਜੀਨੀਅਰਿੰਗ ਵਿੱਚ ਡਿਪਲੋਮਾ ਜਾਂ ਫਿਰ ਦੋ ਸਾਲ ਦਾ ਵੋਕੇਸ਼ਨਲ ਕੋਰਸ ਕੀਤਾ ਹੋਵੇ ਅਤੇ ਇਨਾਂ ਦਰਸਾਈਆਂ ਯੋਗਤਾਵਾਂ ਵਿੱਚ ਉਮੀਦਵਾਰ ਦੇ ਇਮਤਿਹਾਨਾਂ ਵਿੱਚੋਂ 50 ਫੀਸਦੀ ਅੰਕ ਹਾਸਿਲ ਕੀਤੇ ਹੋਣ। ਉਨ੍ਹਾਂ ਕਿਹਾ ਕਿ ਅਗਨੀਵੀਰਾਂ ਦੀ ਭਰਤੀ ਲਈ ਅਣਵਿਆਹੇ ਲੜਕੇ ਅਤੇ ਲੜਕੀਆਂ ਦੋਵੇਂ ਅਪਲਾਈ ਕਰ ਸਕਦੇ ਹਨ। ਇਸ ਇਮਤਿਹਾਨ ਵਿੱਚ ਰਜਿਸਟਰ ਕਰਨ ਲਈ 250 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ।

ਉਨਾਂ ਕਿਹਾ ਕਿ ਚਾਹਵਾਨ ਉਮੀਦਵਾਰ ਮੈਡੀਕਲ ਸਟੈਂਡਰਡ, ਯੋਗਤਾ ਅਤੇ ਨੌਕਰੀ ਸੰਬੰਧੀ ਜਾਣਕਾਰੀ ਅਤੇ ਆਨਲਾਈਨ ਫਾਰਮ ਅਪਲਾਈ ਕਰਨ ਲਈ http://agnipathvayu.cdac.in ਦਿੱਤੇ ਲਿੰਕ ਤੇ ਲੌਗਇਨ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੌਜਵਾਨ ਲੜਕੇ-ਲੜਕੀਆਂ ਨੂੰ ਭਾਰਤੀ ਹਵਾਈ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੌਂਸਲਰ ਪਰਮਿੰਦਰ ਸਿੰਘ ਨੇ ਹਵਾਈ ਫੌਜ ਦੀ ਭਰਤੀ ਬਾਰੇ ਜਾਣਕਾਰੀ ਸਾਂਝੀ ਕੀਤੀ।

# ਸਿੱਖਿਆ ਵਿਭਾਗ 'ਤੇ ਮੁੜ ਉੱਠੇ ਸਵਾਲ ! ਅਧਿਆਪਕਾਂ ਦੀਆਂ ਦੂਰ ਦੁਰਾਡੇ ਕੀਤੀਆਂ ਬਦਲੀਆਂ, ਹਾਦਸਿਆਂ ਤੋਂ ਸਬਕ ਕਿਉਂ ਨਹੀਂ ਲੈਂਦਾ ਵਿਭਾਗ ?

**ਫਾਜਿਲਕਾ/ਲੋਕ ਬਾਣੀ**

ਫਾਜ਼ਿਲਕਾ ਜਿਲ੍ਹੇ ਤੋਂ ਤਰਨ ਤਾਰਨ ਦੇ ਬਲਾਕ ਵਲਟੋਹਾ 'ਚ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਦਰਪੇਸ਼ ਭਿਆਨਕ ਹਾਦਸੇ ਕਾਰਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਕਈਆਂ ਦੇ ਗੰਭੀਰ ਜਖ਼ਮੀ ਹੋਣ ਨੂੰ ਮੰਦਭਾਗੀ ਘਟਨਾ ਕਰਾਰ ਦਿੰਦੇ ਹੋਏ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਡੀ.ਟੀ.ਐੱਫ. ਨੇ ਫ਼ੌਤ ਹੋਣ ਵਾਲਿਆਂ ਅਤੇ ਜਖ਼ਮੀ ਅਧਿਆਪਕਾਂ ਲਈ ਪੰਜਾਬ ਸਰਕਾਰ ਤੋਂ ਢੁੱਕਵੇਂ ਮੁਆਵਜ਼ੇ ਦੇ ਨਾਲ-ਨਾਲ ਇਲਾਜ਼ ਦਾ ਉੱਚ ਪੱਧਰੀ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਸੂਬਾ ਜਥੇਬੰਦਕ ਸਕੱਤਰ ਮਹਿੰਦਰ ਕੌੜਿਆਂਵਾਲੀ, ਗੁਰਬਿੰਦਰ ਸਿੰਘ ਖਹਿਰਾ ਅਤੇ ਪ੍ਰੈਸ ਸਕੱਤਰ ਪਵਨ ਕੁਮਾਰ ਮੁਕਤਸਰ ਨੇ ਕਿਹਾ ਕੇ ਪਿੱਤਰੀ ਜਿਲ੍ਹਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹਨਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਵੀ ਸਿੱਖਿਆ ਵਿਭਾਗ ਜਾਂ ਪੰਜਾਬ ਸਰਕਾਰ ਵੱਲੋਂ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸੋਸ਼ਣ ਕੀਤਾ ਜਾ ਰਿਹਾ ਹੈ। ਡੀ.ਟੀ.ਐਫ. ਦੇ ਆਗੂਆਂ ਜਰਮਨਜੀਤ ਸਿੰਘ, ਗੁਰਦੇਵ ਸਿੰਘ, ਹਰਜਾਪ ਸਿੰਘ ਬੱਲ, ਰਾਜੇਸ਼ ਕੁਮਾਰ ਪ੍ਰਾਸ਼ਰ, ਨਿਰਮਲ ਸਿੰਘ, ਮਨਪ੍ਰੀਤ ਸਿੰਘ, ਸੁਖਜਿੰਦਰ ਸਿੰਘ ਜੱਬੋਵਾਲ, ਕੁਲਦੀਪ ਸਿੰਘ, ਕੇਵਲ ਸਿੰਘ, ਵਿੱਪਨ ਰਿਖੀ, ਗੁਰਪ੍ਰੀਤ ਸਿੰਘ, ਕੇਵਲ ਸਿੰਘ ਆਦਿ ਨੇ ਫ਼ੋਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕੇ ਇਸ ਹਾਦਸੇ ਕਾਰਨ ਅਧਿਆਪਕ ਭਾਈਚਾਰੇ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਅਧਿਆਪਕਾਂ ਵੱਲੋਂ ਇਸ ਹਾਦਸੇ ਦੇ ਪੀੜਤਾਂ ਦੇ ਹੱਕ ਵਿਚ ਹਰ ਸੰਭਵ ਯਤਨ ਕਰਨ ਦਾ ਫੈਸਲਾ ਕੀਤਾ ਗਿਆ ਹੈ।



# ਪੰਜਾਬ 'ਚ ਮੀਂਹ ਅਤੇ ਗੜ੍ਹੇਮਾਰੀ ਕਾਰਨ ਫ਼ਸਲ ਤਬਾਹ, CM ਮਾਨ ਵੱਲੋਂ ਵਿਸ਼ੇਸ਼ ਗਿਰਦਾਵਰੀ ਕਰਨ ਦੇ ਹੁਕਮ

**ਚੰਡੀਗੜ੍ਹ/ਵਿਨੋਦ ਸ਼ਰਮਾ**

ਸੂਬੇ ਭਰ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਮੌਸਮੀ ਬਰਸਾਤ ਕਾਰਨ ਫਸਲਾਂ, ਬਾਗਾਂ ਅਤੇ ਘਰਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਇੱਥੇ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਵਿੱਤ ਕਮਿਸ਼ਨਰ (ਮਾਲ) ਨੂੰ ਹਦਾਇਤ ਕੀਤੀ ਹੈ ਕਿ ਉਹ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਬਾਰਸ਼ਾਂ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਤੁਰੰਤ ਗਿਰਦਾਵਰੀ ਕਰਨ ਲਈ ਵਿਸਤ੍ਰਿਤ ਹਦਾਇਤਾਂ ਜਾਰੀ ਕਰਨ ਤਾਂ ਜੋ ਫ਼ਸਲਾਂ, ਬਾਗਾਂ ਅਤੇ ਘਰਾਂ ਨੂੰ ਹੋਏ ਨੁਕਸਾਨ ਦਾ ਪਹਿਲ ਦੇ ਆਧਾਰ 'ਤੇ ਪਤਾ ਲਗਾਇਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਰਿਪੋਰਟ ਪੇਸ਼ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਢੁਕਵਾਂ ਮੁਆਵਜ਼ਾ ਦਿੱਤਾ ਜਾ ਸਕੇ। ਮੁੱਖ ਮੰਤਰੀ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕੁਦਰਤ ਦੇ ਕਹਿਰ ਤੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪੈ ਰਹੇ ਮੀਂਹ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

# ਬਰਨਾਲਾ ਬੱਸਟੈਂਡ ਦੇ ਇੱਕ ਹੋਟਲ ਤੋਂ ਗ੍ਰਾਹਕ ਨੇ ਖਰੀਦੀ ਸਬਜ਼ੀ ਤੇ ਨਿੱਕਲੇ ਖੰਜਖਜੂਰੇ ਸੁੰਡ ਸਿਹਤ ਵਿਭਾਗ ਨਹੀਂ ਲੈਂਦਾ ਕੋਈ ਸਾਰ

**ਬਰਨਾਲਾ/ਲੋਕ ਬਾਣੀ**



ਜੰਗੀਰ ਸਿੰਘ ਦਿਲਬਰ ਨੇ ਮੀਡਿਆ ਦੇ ਧਿਆਨ ਚ ਲਿਆਉਂਦੀਆਂ ਕਿਹਾ ਕਿ ਵਡੇ ਦੁੱਖ ਦੀ ਗੱਲ ਹੈ ਕਿ ਦੇਵ ਭੂਮੀ ਭਾਰਤ ਜਿਸ ਨੂੰ ਸਾਡੇ ਪ੍ਰਚਾਰਕ ਗੁਰੂਆਂ,ਪੀਰਾਂ ,ਪੈਗੰਬਰਾਂ, ਰਿਸ਼ੀਆਂ, ਮੁਨੀਆਂ ਦੇਵੀ ਦੇਵਤਿਆਂ ਦੀ ਧਰਤੀ ਲਿਖਦੇ ਅਤੇ ਬੋਲਦੇ ਨਹੀਂ ਥੱਕਦੇ,ਜਿੱਥੋਂ ਜ਼ਹਿਰ ਵੀ ਮਿਲਾਵਟੀ ਮਿਲਦੀ ਹੈ ? ਹਰ ਸ਼ਹਿਰ ਹਰ ਪਿੰਡ ਵਿਚ ਮਿਲਾਵਟੀ ਚੀਜਾਂ ਤਿਆਰ ਕਰਨ ਵਾਲੇ ਛੋਟੇ ਛੋਟੇ ਯੂਨਿਟ ਪੜਤਾਲ ਕਰਨ ਤੇ ਆਮ ਮਿਲ ਜਾਣਗੇ। ਪ੍ਰਸਿਧ ਲੇਖਕ ਤੇ ਸਮਾਜ ਸੇਵੀ ਜੰਗੀਰ ਸਿੰਘ ਦਿਲਬਰ ਨੇ ਮਿਲਾਵਟਖੋਰਾਂ ਖਿਲਾਫ ਸਿਕੰਜਾ ਕਸ ਰੱਖਿਆ ਹੈ ਜਿਸ ਸੰਬੰਧੀ ਜਿੱਥੇ ਮਿਲਾਵਟ ਖੋਰਾਂ ਨੂੰ ਭਾਜੜਾਂ ਪਾਈਆਂ ਹਨ ਤੇ ਸਿਹਤ ਵਿਭਾਗ ਦੇ ਫੂਡ ਚੈੱਕਿੰਗ ਮਹਿਕਮੇ ਵਲੋਂ ਲੋਕਾਂ ਦੀਆਂ ਸ਼ਿਕਾਇਤਾਂ ਨਾ ਸੁਨਣ ਨੂੰ ਲੈ ਕੇ ਮਿਲਾਵਟਖੋਰਾਂ ਦੀਆਂ ਪੁਕਾਰਾਂ ਗੂੰਗੀ ਬੋਲੀ ਸਰਕਾਰ ਦੇ ਕੰਨਾਂ ਤੱਕ ਪਹੁੰਚਾ ਰਹੇ ਹਨ !

ਉਹਨਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਇਨਸਾਫ ਲਈ ਭਟਕਦੇ ਬਰਨਾਲਾ ਨਿਵਾਸੀ ਸਰਬਜੀਤ ਸਿੰਘ ਜੋ ਕੇ 17,ਮਾਰਚ ਨੂੰ ਬੱਸ ਸਟੈਂਡ ਤੇ ਇੱਕ ਢਾਬੇ ਤੋਂ ਆਲੂ ਮਟਰ ਦੀ ਸਬਜ਼ੀ ਪੈੱਕ ਕਰਵਾ ਕੇ ਘਰ ਜਦੋਂ ਰੋਟੀ ਖਾਣ ਲਈ ਇਹ ਸਬਜ਼ੀ ਬਰਤਨਾਂ ਚ ਪਾਈ ਤਾਂ ਤਾਂ ਅਚਾਨਕ ਨਿਗਾਹ ਪਈ ਜਿਸ ਵਿਚ ਜ਼ਹਿਰੀਲੇ ਕੰਜਖੰਜੂਰਾ ਤੇ ਸੁੰਡ ਨੂੰ ਦੇਖਿਆ ਜਿਸ ਦੀ ਫੋਟੋ ਸਬੂਤ ਤੋਰ ਤੇ ਰੱਖੀ ਹੋਈ ਹੈ ਜੇਕਰ ਗ਼ਲਤੀ ਭੁਲੇਖੇ ਨਾਲ ਪ੍ਰਵਿਰ ?ਕ ਮੇਮ ?ਬਰ ਸਬਜ਼ੀ ਖਾ ਲੈਂਦੇ ਤਾਂ ਵੱਡੀ ਦੁਖਦਾਇਕ ਅਣਹੋਣੀ ਵਾਪਰ ਸਕਦੀ ਸੀ ਜਿਸ ਨੂੰ ਲੈ ਕੇ ਸ਼ਿਕਾਇਤਕਰਤਾ ਵਲੋਂ 100 ਨੰਬਰ ਤੇ ਕਾਲ ਕੀਤੀ ਤਾਂ 2 ਪੁਲਿਸ ਮੁਲਾਜਿਮ ਘਰ ਪਹੁੰਚੇ ਉਹਨਾਂ ਨੂੰ ਨਾਲ ਲੈ ਕੇ ਹੋਟਲ ਤੇ ਗਿਆ ਤਾਂ ਉਦੋਂ ਤੱਕ ਹੋਟਲ ਵਾਲਾ ਬੰਦ ਕਰਕੇ ਜਾ ਚੁੱਕਿਆ ਸੀ ! ਜਿਸ ਕਾਰਨ ਕੋਈ ਗੱਲਬਾਤ ਨਾ ਹੋ ਸਕੀ ! ਪਰੰਤੂ ਚੋਕੀ ਪੁਲਿਸ ਵਾਲਿਆਂ ਕਿਹਾ ਕਿ ਸਹਿਤ ਵਿਭਾਗ ਦੇ ਫ਼ੂਡ ਮਹਿਕਮੇ ਨਾਲ ਸੰਪਰਕ ਕੀਤਾ ਜਾਵੇ ਜਿਸ ਉਪਰੰਤ ਸਰਬਜੀਤ ਸਿੰਘ ਵਲੋਂ 18,ਮਾਰਚ ਨੂੰ ਫ਼ੂਡ ਮਹਿਕਮੇ ਚ ਮਾਮਲੇ ਸੰਬੰਧੀ ਅਰਜੀ ਦਿੱਤੀ ਗਈ ਪਰੰਤੂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ ਕਦੇ ਆਖਿਆ ਜਾਂਦਾ ਕਿ ਜਾਵਾਂਗੇ ਤੇ ਕਾਰਵਾਈ ਕਰਨਗੇ ਪਰੰਤੂ ਪਰਨਾਲਾ ਉੱਥੇ ਦਾ ਉੱਥੇ ਖੜਾ ਹੈ !

# ਪਾਵਰਕਾਮ ਦੇ ਠੇਕਾ ਮੁਲਾਜ਼ਮਾਂ ਨੇ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਭੇਜਿਆ ਸੰਘਰਸ਼ ਦਾ ਨੋਟਿਸ

**ਚੰਡੀਗੜ੍ਹ/ਵਿਨੋਦ ਸ਼ਰਮਾ**



ਪਾਵਰਕਾਮ ਐਂਡ ਟਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਅੱਜ ਸੂਬਾ ਪ੍ਰਧਾਨ ਬਲਿਹਾਰ ਸਿੰਘ ਦੀ ਅਗਵਾਈ ਚ' 200 ਦੇ ਲਗਭਗ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਰੋਸ ਮੁਜ਼ਾਹਰਾ ਕਰ ਪਾਵਰਕਾਮ ਮਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਸੰਘਰਸ਼ ਦਾ ਨੋਟਿਸ ਸੋਪਿਆ ਗਿਆ ਅਤੇ ਪਾਵਰਕਾਮ ਡਾਇਰੈਕਟਰ ਡੀ ਅਤੇ ਮਨੇਜਰ ਆਈ.ਆਰ ਨੂੰ ਮੰਗਾਂ ਲੈ ਕੇ ਦੁਆਰਾ ਜਾਣੂ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਸੂਬਾ ਜਰਨਲ ਸਕੱਤਰ ਰਾਜੇਸ਼ ਕੁਮਾਰ ਮੌੜ, ਪ੍ਰੈੱਸ-ਸਕੱਤਰ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਬਿਜਲੀ ਅਦਾਰੇ ਚ' ਕੰਮ ਕਰਦੇ ਪਾਵਰਕਾਮ ਸੀ.ਐੱਚ.ਬੀ ਤੇ ਡਬਲਿਊ ਕਾਮੇ ਨਿੱਜੀਕਰਨ ਨੀਤੀ ਦੀ ਚੱਕੀ ਚ' ਪੀਸੇ ਜਾ ਰਹੇ ਹਨ। ਸੀ.ਐੱਚ.ਬੀ ਅਤੇ ਡਬਲਿਊ ਕਾਮੇ ਸਹਾਇਕ-ਲਾਈਮੈਨਾਂ ਅਤੇ ਲਾਈਮੈਨਾਂ ਦਾ ਕੰਮ ਕਰ ਰਹੇ ਹਨ। ਬਿਜਲੀ ਸਪਲਾਈ ਨੂੰ ਬਹਾਲ ਰੱਖਣ ਲਈ ਇਹ ਕਾਮੇ ਦਿਨ-ਰਾਤ ਮਿਹਨਤ ਕਰਦੇ ਹਨ। ਨਿਗੂਣੀਆਂ ਤਨਖ਼ਾਹਾਂ ਤੇ ਕੰਮ ਕਰਵਾਇਆ ਜਾ ਰਿਹਾ ਹੈ। ਜਿਸ ਚ' ਘਰਾਂ ਦਾ ਗੁਜਾਰਾ ਬੜਾ ਮੁਸਕਿਲ ਨਾਲ ਚੱਲਦਾ ਹੈ ਅਤੇ ਸੀ.ਐੱਚ.ਬੀ ਤੇ ਡਬਲਿਊ ਉਹ ਕਾਮੇ ਹਨ ਜੋ ਬਿਜਲੀ ਸਪਲਾਈ ਨੂੰ ਬਹਾਲ ਰੱਖਦਿਆਂ-2 ਕਈ ਕਾਮੇ ਮੌਤ ਦੇ ਮੂੰਹ ਚ' ਪੈ ਜਾਦੇਂ ਹਨ ਅਤੇ ਕਈ ਅਪੰਗ ਹੋ ਜਾਦੇਂ ਹਨ ਜਿਹਨਾਂ ਦੇ ਪਰਿਵਾਰ ਮਿਲਣਯੋਗ ਮੁਆਵਜੇ ਨੂੰ ਵੀ ਤਰਸਦੇ ਰਹਿੰਦੇ ਹਨ। ਸਰਕਾਰੀ ਗਰੰਟੀ ਨੂੰ ਖਤਮ ਕਰਕੇ ਨੋਜਵਾਨਾਂ ਦਾ ਭਵਿੱਖ ਜਿੱਥੇ ਖਾਤਮਾ ਕੀਤਾ ਹੈ ਉੱਥੇ ਹੀ ਸਸਤੀ ਬਿਜਲੀ ਪੈਦਾਵਾਰੀ/ਸਰਕਾਰੀ ਰੁਜ਼ਗਾਰ ਮਿਲਣ ਦੇ ਸੋਮੇ ਵੀ ਖਤਮ ਕੀਤੇ ਜਾ ਰਹੇ ਹਨ।

ਰੰਗ-ਬਰੰਗੀਆਂ ਸਰਕਾਰਾਂ ਆਈਆਂ ਹਰੇਕ ਨੇ ਹੀ ਆਊਟ-ਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਦਾ ਕੋਝਾ ਮਜਾਕ ਉਡਾਇਆ। ਸਰਕਾਰਾਂ ਦੀਆਂ ਹੀ ਪਾਲਸੀਆਂ ਦੇ ਤਹਿਤ ਸਰਕਾਰੀ ਅਦਾਰਿਆਂ ਵਿੱਚ ਕੰਮ ਕਰ ਰਹੇ ਹਨ। ਪਰ ਅੱਜ ਜਦੋਂ ਰੈਗੂਲਰ ਦੀ ਗੱਲ ਚੱਲਦੀ ਹੈ ਤਾਂ ਕੋਰਟਾਂ ਦਾ ਬਹਾਨਾ ਬਣਾ ਕੇ ਆਊਟ-ਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ । ਅੱਜ ਮੋਜੂਦਾ ਆਪ ਦੀ ਸਰਕਾਰ ਵੀ ਆਊਟ-ਸੋਰਸਿੰਗ ਕਾਮਿਆਂ ਨੂੰ ਵਿਭਾਗ 'ਚ ਲੈਣ ਤੋ ਪਾਸਾ ਵੱਟਿਆ ਜਾ ਰਿਹਾ ਹੈ। ਵਿਧਾਨਸਭਾ ਅਤੇ ਸਟੇਜਾ ਉੱਤੇ ਪਹਿਲਾਂ ਵਾਲੀਆਂ ਸਰਕਾਰਾਂ ਵਾਗ ਸਿਰਫ ਬਿਆਨ ਬਾਜੀ ਹੀ ਕੀਤੀ ਜਾ ਰਹੀ ਹੈ। ਮਿਤੀ 07-06-2022 ਨੂੰ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਜੀ ਨਾਲ ਮੀਟਿੰਗ ਹੋਈ ਸੀ। ਜਿਸ 'ਚ ਜਥੇਬੰਦੀ ਵਲੋਂ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਨੂੰ ਵਿਭਾਗ ਚ' ਰੈਗੂਲਰ ਕਰਨ ਤੇ ਸਰਕਾਰ ਨੂੰ ਬੱਚਤ ਹੋਣ ਬਾਰੇ ਜਾਣਕਾਰੀ ਪੇਸ਼ ਕੀਤੀ।

ਦੂਜਾ ਕਰੰਟ ਨਾਲ ਮੋਤ ਤੇ ਅਪੰਗ ਕਾਮਿਆਂ ਦੇ ਪਰਿਵਾਰਾਂ ਨੂੰ ਮੁਆਵਜਾ ਨੌਕਰੀ ਪੈਨਸ਼ਨ ਦੀ ਮੰਗ ਅਤੇ ਘੱਟੋ-ਘੱਟ ਗੁਜਾਰੇ-ਯੋਗ ਤਨਖਾਹ ਨਿਸ਼ਚਿਤ ਕਰਨ ਅਤੇ ਕਰੋੜਾਂ ਰੁਪਏ ਦੇ ਠੇਕੇਦਾਰਾਂ ਕੰਪਨੀਆਂ ਵਲੋਂ ਕੀਤੇ ਗਏ ਘਪਲਿਆਂ ਦੀ ਬਕਾਇਆ ਰਾਸ਼ੀ ਦੀ ਮੰਗ ਕੀਤੀ। ਜਿਸ ਚ' ਮੁੱਖ ਮੰਤਰੀ ਵਲੋਂ ਮੰਗਾਂ ਹੱਲ ਕਰਨ ਦਾ ਭਰੋਸਾ ਹੀ ਦਿੱਤਾ ਗਿਆ ਪਰ ਹੱਲ ਨਾ ਹੋਇਆ। ਜਿਸ ਕਾਰਨ ਕਾਮਿਆਂ ਨੂੰ ਦੁਬਾਰਾ ਸੰਘਰਸ਼ ਦਾ ਰਾਹ ਤਿਆਰ ਕਰਨਾ ਪਿਆ।

ਸੰਘਰਸ਼ ਦੌਰਾਨ ਬਿਜਲੀ ਮੰਤਰੀ ਹਰਭਜਨ ਈ.ਟੀ.ਓ ਅਤੇ ਉੱਚ ਅਧਿਕਾਰੀਆਂ ਨਾਲ ਵੀ ਕਈ ਵਾਰ ਮੀਟਿੰਗਾਂ ਹੋਈਆਂ ਜਿਸ 'ਚ ਭਰੋਸੇ ਹੀ ਦਿੱਤੇ ਗਏ ਪਰ ਹੱਲ ਨਾ ਹੋਇਆ। ਆਏ ਦਿਨ ਸੀ.ਐੱਚ.ਬੀ ਤੇ ਡਬਲਿਊ ਕਾਮਾ ਮੋਤ ਮੂਹ ਚ' ਪੈ ਰਿਹਾ ਹੈ। ਸੰਘਰਸ਼ ਦੌਰਾਨ ਆਪਣੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਦੁਬਾਰਾ ਪ੍ਰਸ਼ਾਸ਼ਨ ਅਧਿਕਾਰੀਆਂ ਤਹਿਸੀਲਦਾਰਾਂ/ਐੱਸ.ਡੀ.ਐੱਮ/ਡੀ.ਸੀ ਦਫ਼ਤਰ ਅਧਿਕਾਰੀਆਂ ਵਲੋਂ ਅਨੇਕਾਂ ਵਾਰ ਮੁੱਖ ਮੰਤਰੀ ਨਾਲ ਮੀਟਿੰਗਾਂ ਫਿਕਸ ਕਰਵਾਈਆਂ ਪਰ ਮੁੱਖ ਮੰਤਰੀ ਵਲੋਂ ਮੀਟਿੰਗ ਕਰਕੇ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਗਿਆ ।ਜਿਸ ਦੇ ਰੋਸ ਵਜੋਂ ਸੀ.ਐੱਚ.ਬੀ ਕਾਮੇ ਲਗਾਤਾਰ ਸੰਘਰਸ਼ ਦੇ ਰਾਹ ਤੇ ਹਨ। ਅੱਜ ਪਾਵਰਕਾਮ ਮਨੇਜਮੈਂਟ ਅਤੇ ਪੰਜਾਬ ਸਰਕਾਰ ਸੰਘਰਸ਼ ਸੰਬੰਧੀ ਨੋਟਿਸ ਭੇਜਿਆ ਗਿਆ ਕਿ ਜੇ ਮੁੱਖ ਮੰਤਰੀ ਮੀਟਿੰਗ ਕਰਕੇ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੇ ਤਾਂ ਮਿਤੀ 5 ਅਪ੍ਰੈਲ 2023 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਪਟਿਆਲੇ ਦੀਆਂ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ ਫੀਲਡ ਚ' ਮੁੱਖ ਮੰਤਰੀ ਦੇ ਪਹੁੰਚਣ 'ਤੇ ਕਾਲੀਆਂ ਝੰਡੀਆਂ ਨਾਲ ਰੋਸ ਵਿਖਾਵੇ ਕਰਨਗੇ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਪੰਜਾਬ ਮੁੜ ਉਜੜਿਆ ! ਚੱਕਰਵਾਤੀ ਤੂਫ਼ਾਨ ਅਤੇ ਭਾਰੀ ਮੀਂਹ ਨੇ ਕਿਸਾਨਾਂ ਦੀਆਂ ਫ਼ਸਲਾਂ ਕੀਤੀਆਂ ਤਬਾਹ

**ਚੰਡੀਗੜ੍ਹ/ਵਿਨੋਦ ਸ਼ਰਮਾ**

ਭਾਰਤੀ ਕਿਸਾਨ ਯੂਨੀਅਨ ਏਕਤਾ, ਡਕੌਂਦਾ ਦੀ ਸੂਬਾ ਕਮੇਟੀ ਦੀ ਐਮਰਜੈਂਸੀ ਮੀਟਿੰਗ ਸ੍ਰੀ ਬੂਟਾ ਸਿੰਘ ਬੁਰਜਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸੂਬਾਈ ਆਗੂ ਬੂਟਾ ਸਿੰਘ ਬੁਰਜਗਿੱਲ, ਜਗਮੋਹਨ ਸਿੰਘ ਪਟਿਆਲਾ, ਗੁਰਮੀਤ ਸਿੰਘ ਭੱਟੀਵਾਲ, ਰਾਮ ਸਿੰਘ ਮਟਰੋੜਾ ਤੇ ਦਰਸ਼ਨ ਸਿੰਘ ਰਾਏਸਰ ਤੋਂ ਇਲਾਵਾ 14 ਜ਼ਿਲ੍ਹਿਆਂ ਦੇ ਜ਼ਿਲ੍ਹਾ ਆਗੂ ਸ਼ਾਮਲ ਹੋਏ। ਇਸ ਮੀਟਿੰਗ ਦਾ ਏਜੰਡਾ ਸਿਰਫ਼ ਕੁਦਰਤੀ ਕਰੋਪੀ ਮੀਂਹ, ਝੱਖੜ ਹਨ੍ਹੇਰੀ ਅਤੇ ਗੜੇਮਾਰੀ ਨਾਲ ਪੰਜਾਬ ਭਰ ਵਿਚ ਹੋਇਆ ਨੁਕਸਾਨ ਦਾ ਜਾਇਜ਼ਾ ਲੈਣ ਅਤੇ ਇਸ




ਨੁਕਸਾਨ ਦੀ ਪੂਰਤੀ ਲਈ ਪੰਜਾਬ ਸਰਕਾਰ ਤੋਂ ਭਰਪਾਈ ਲਈ ਵਿਉਤਬੰਦੀ ਕਰਨਾ ਸੀ। ਇਸ ਸਮੇਂ ਵਿਸ਼ੇਸ਼ ਮਤੇ ਬਾਰੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਤੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਪ੍ਰੈਸ ਦੇ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਵਿਸ਼ੇਸ਼ ਮਤੇ ਰਾਹੀਂ ਪਾਸ ਕੀਤਾ ਕਿ ਇਸ ਲਗਾਤਾਰ ਕਰੋਪੀ ਨਾਲ ਪੰਜਾਬ ਭਰ ਦੀਆਂ ਸਾਰੀਆਂ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਪਰ ਫਿਰ ਅਸੀਂ ਆਪਣੇ ਧਰਾਤਲ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ। ਪਹਿਲਾ ਅਬੋਹਰ, ਫਾਜ਼ਿਲਕਾ, ਮਲੋਟ ਅਤੇ ਬਠਿੰਡਾ ਦਾ ਇਲਾਕਾ ਜਿਥੇ ਭਾਰੀ ਮਾਲੀ ਨੁਕਸਾਨ ਨਾਲ ਜਾਨੀ ਨੁਕਸਾਨ ਵੀ ਹੋਇਆ ਹੈ। ਉਸ ਦੀ ਸਰਕਾਰ 100% ਮੁਆਵਜ਼ਾ ਫਸਲਾਂ ਦਾ ਘੱਟ-ਘੱਟੋ 50,000 ਰੁਪਏ ਪ੍ਰਤੀ ਏਕੜ ਮਨੁੱਖਾ ਜਾਂ ਪਸ਼ੂਆਂ ਦੇ ਜ਼ਖ਼ਮੀਆਂ ਦਾ ਨੁਕਸਾਨ ਦਾ ਵੱਧ ਤੋਂ ਮੁਆਵਜ਼ਾ ਹਰ ਕੇਸ ਮੁਤਾਬਕ ਦਿੱਤਾ ਜਾਵੇ। ਦੂਸਰਾ ਹਿੱਸਾ ਉਹ ਇਹ ਹੈ ਜਿਥੇ ਕਣਕ ਦੀ ਫਸਲ ਡਿੱਗ ਗਈ ਹੈ, ਉਥੇ 25000 ਪ੍ਰਤੀ ਏਕੜ ਕਣਕ ਦਾ ਅਤੇ ਸਬਜ਼ੀਆਂ ਦਾ 40,000 ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

ਤੀਸਰਾ ਹਿੱਸਾ ਉਹ ਫਸਲਾਂ ਜੋ ਗੜੇਮਾਰੀ ਤੋਂ ਬਚ ਗਈਆਂ ਪਰ ਲਗਾਤਾਰ ਬਾਰਸ਼ ਨੇ ਇਕ ਤਿਹਾਈ ਝਾੜ ਘੱਟ ਜਾਣਾ ਹੈ ਅਤੇ ਤੂੜੀ ਵੀ ਚੰਗੀ ਅਤੇ ਪੂਰੀ ਨਹੀਂ ਬਣਨੀ ਉਥੇ ਪ੍ਰਤੀ ਏਕੜ 15000/- ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਕਣਕ ਦੀ ਖਰੀਦ ਲਈ ਨਮੀ ਦੀ ਸ਼ਰਤ ਅਤੇ ਮਾਝੂ ਦਾਣਾ ਜਾਂ ਫਿਰ ਬਦਰੰਗ ਦਾਣੇ ਦੀ ਸ਼ਰਤ ਹਟਾਈ ਜਾਵੇ। ਆਗੂਆਂ ਨੇ ਕਿਹਾ ਕਿ ਅਸੀਂ ਉਪਰੋਕਤ ਮੰਗਾਂ ਨੂੰ ਮੰਨੇ ਜਾਣ ਦਾ ਪੰਜਾਬ ਸਰਕਾਰ ਤੋਂ ਐਲਾਨ ਤੇ ਨਾਲਹੀ ਅਮਲ ਦੀ ਤੁਰੰਤ ਮੰਗ ਕਰਦੇ ਹਾਂ। ਸਿਰਫ਼ ਗਿਰਦਾਰਵੀਆਂ ਕਰਨ ਵਾਲੇ ਐਲਾਨ ਤੋਂ ਸਰਕਰ ਅੱਗੇ ਵਧੇ ਨਹੀਂ ਤਾਂ ਪੰਜਾਬ ਦੇ ਕਿਸਾਨ ਜੋ ਪਹਿਲਾਂ ਹੀ ਕਰਜ਼ੇ ਤੋਂ ਪੀੜਤ ਹਨ, ਆਪਣਾ ਇਸ ਭਾਰੀ ਨੁਕਸਾਨ ਦੀ ਪੂਰਤੀ ਲਈ ਜ਼ੋਰਦਾਰ ਵਿਸ਼ਾਲ ਸਾਂਝੇ ਸੰਘਰਸ਼ ਲਈ ਮਜ਼ਬੂਰ ਹੋਵੇਗਾ। ਕਿਸਾਨਾਂ ਵਲੋਂ ਖੜ੍ਹੇ ਕਰਜ਼ੇ ਦੀ ਵਸੂਲੀ ਮਨਸੂਖ ਕਰਕੇ ਸਾਰਾ ਵਿਆਜ ਲਗਾਉਣਾ ਬੰਦ ਕਰਨਾ ਚਾਹੀਦਾ ਹੈ। ਸੰਘਰਸ਼ ਦੀ ਅਗਲੀ ਰੂਪ ਰੇਖਾ ਲਈ ਸੂਬੇ ਦੀ ਕਾਰਜਕਾਰਨੀ ਦੀ ਮੀਟਿੰਗ 1 ਅਪ੍ਰੈਲ ਨੂੰ ਤਰਕਸ਼ੀਲ ਭਵਨ, ਬਰਨਾਲਾ ਵਿਖੇ ਸੱਦ ਲਈ ਗਈ ਹੈ।

# ਸਾਵਧਾਨ ! ਪੰਜਾਬ ਸਰਕਾਰ ਦੇ ਨਾਮ ਤੋਂ ਬਣੀਆਂ ਫ਼ਰਜ਼ੀ ਵੈੱਬਸਾਈਟਾਂ, ਅਲਰਟ ਜਾਰੀ

**ਚੰਡੀਗੜ੍ਹ/ਵਿਨੋਦ ਸ਼ਰਮਾ**

ਸਿੱਖਿਆ ਵਿਭਾਗ ਤੋਂ ਬਾਅਦ ਹੁਣ ਪੰਜਾਬ ਸਰਕਾਰ ਦੀ ਆਫ਼ੀਸ਼ਲ ਵੈੱਬਸਾਈਟ ਦੇ ਵਾਂਗ ਹੀ ਠੱਗਾਂ ਦੇ ਵਲੋਂ ਫਰਜ਼ੀ ਵੈੱਬਸਾਈਟ ਤਿਆਰ ਕਰ ਦਿੱਤੀ ਗਈ ਹੈ। ਇਸ ਨੂੰ ਲੈ ਕੇ ਪੰਜਾਬ ਸਰਕਾਰ ਨੇ ਅਲਰਟ ਜਾਰੀ ਕਰਦਿਆਂ ਹੋਇਆ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਅਸਲ ਵਿੱਚ ਪੰਜਾਬ ਸਰਕਾਰ ਦੀ ਸਰਕਾਰੀ ਵੈਬਸਾਈਟ https://punjab.gov.in ਹੈ, ਜਿਸ 'ਤੇ ਜਦੋਂ ਕੋਈ ਵੀ ਵਿਜ਼ਟ ਕਰਦਾ ਹੈ ਤਾਂ, ਸਾਹਮਣੇ ਹੀ ਇੱਕ ਅਲਰਟ ਸ਼ੋ ਕਰਦਾ ਹੈ ਕਿ, ਸਰਕਾਰ ਦੀ ਵੈਬਸਾਈਟ ਦੇ ਨਾਮ ਤੋਂ ਹੀ ਠੱਗਾਂ ਨੇ ਫ਼ਰਜ਼ੀ ਵੈਬਸਾਈਟ ਤਿਆਰ ਕਰ ਦਿੱਤੀਆਂ ਹਨ, ਜਿਨ੍ਹਾਂ ਤੋਂ ਸਾਵਾਧਨ ਰਹਿਣ ਦੀ ਲੋੜ ਹੈ। ਸਰਕਾਰੀ ਵੈੱਬਸਾਈਟ https://punjab.gov.in ਤੋਂ ਪ੍ਰਾਪਤ ਹੋਈ ਜਾਣਕਾਰੀ ਦੇ ਮੁਤਾਬਿਕ, ਦੱਸਿਆ ਗਿਆ ਹੈ ਕਿ, ਇਹ ਦੇਖਿਆ ਗਿਆ ਹੈ ਕਿ ਬਹੁਤ ਸਾਰੀਆਂ ਧੋਖਾਧੜੀ ਵਾਲੀਆਂ ਵੈਬਸਾਈਟਾਂ ਜਿਵੇਂ ਕਿ www.punjab-govt.in, www.punjab-gov.in, www.punjabgovt.in, www.punjabgov.co.in ਅਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਦਿੱਖ ਵਾਲੀਆਂ ਵੈਬਸਾਈਟਾਂ ਡੇਟਾ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਧੋਖੇ ਨਾਲ ਨਾਗਰਿਕਾਂ ਤੋਂ ਅਦਾਇਗੀਆਂ ਵਸੂਲ ਰਹੇ ਹਨ।

# ਤੋਤੇ ਨੇ ਮਾਲਕਣ ਦੇ ਕਾਤਲਾਂ ਦੇ ਨਾਂ ਪੁਲਿਸ ਨੂੰ ਦੱਸੇ, ਕੋਰਟ ਨੇ 2 ਨੂੰ ਸੁਣਾਈ ਉਮਰਕੈਦ ਦੀ ਸਜ਼ਾ

ਤੋਤਾ ਅਜਿਹਾ ਪੰਛੀ ਹੈ ਜਿਸ ਦੀ ਯਾਦਾਸ਼ਤ ਬਹੁਤ ਤੇਜ਼ ਹੁੰਦੀ ਹੈ। ਜੇ ਉਹ ਕੋਈ ਚੀਜ਼ ਇੱਕ ਵਾਰ ਦੇਖ ਲਵੇ, ਤਾਂ ਉਸ ਨੂੰ ਭੁੱਲਦਾ ਨਹੀਂ। ਉੱਤਰ ਪ੍ਰਦੇਸ਼ ਦੇ ਆਗਰਾ ਵਿੱਚ ਨੌਂ ਸਾਲ ਪਹਿਲਾਂ ਵਿਜੇ ਸ਼ਰਮਾ ਦੀ ਪਤਨੀ ਨੀਲਮ ਦੇ ਕਤਲ ਵਿੱਚ ਤੋਤੇ ਦੀ ਗਵਾਹੀ ਤੋਂ ਬਾਅਦ ਹੁਣ ਅਦਾਲਤ ਨੇ ਭਤੀਜੇ ਆਸ਼ੂਤੋਸ਼ ਗੋਸਵਾਮੀ ਅਤੇ ਉਸ ਦੇ ਦੋਸਤ ਰੌਨੀ ਮੈਸੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ 72 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ।

ਪਰ ਮਰਨ ਤੋਂ ਪਹਿਲਾਂ ਤੋਤੇ ਨੇ ਮਾਲਕਣ ਦੇ ਕਾਤਲਾਂ ਦੇ ਨਾਂ ਪੁਲਿਸ ਅਤੇ ਪਰਿਵਾਰਕ ਮੈਂਬਰਾਂ ਨੂੰ ਦੱਸ ਦਿੱਤੇ ਸਨ। ਤੋਤੇ ਵੱਲੋਂ ਦੱਸੇ ਗਏ ਕਾਤਲਾਂ ਦੇ ਨਾਂ ਜਾਣਨ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਹੁਣ ਦੋਸ਼ੀਆਂ ਨੂੰ ਸਜ਼ਾ ਹੋ ਗਈ ਹੈ।




ਨੀਲਮ ਸ਼ਰਮਾ ਆਪਣੇ ਪਰਿਵਾਰ ਨਾਲ ਆਗਰਾ ਵਿੱਚ ਰਹਿੰਦੀ ਸੀ। 20 ਫਰਵਰੀ 2014 ਨੂੰ ਵਿਜੇ ਸ਼ਰਮਾ ਉਸ ਦੀ ਧੀ ਅਤੇ ਪੁੱਤਰ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਫ਼ ਿਰੋਜ਼ਾਬਾਦ ਗਏ ਹੋਏ ਸਨ। ਨੀਲਮ ਘਰ ਵਿਚ ਇਕੱਲੀ ਸੀ। ਜਦੋਂ ਪਰਿਵਾਰ ਘਰ ਪਰਤਿਆ ਤਾਂ ਦੇਖਿਆ ਕਿ ਨੀਲਮ ਅਤੇ ਪਾਲਤੂ ਕੁੱਤੇ ਜੈਕੀ ਨੂੰ ਕਿਸੇ ਨੇ ਚਾਕੂ ਮਾਰ ਕੇ ਮਾਰ ਦਿੱਤਾ ਸੀ ਅਤੇ ਘਰ ਵਿੱਚੋਂ ਜ਼ਰੂਰੀ ਸਾਮਾਨ, ਗਹਿਣੇ ਅਤੇ ਨਕਦੀ ਗਾਇਬ ਸੀ।

ਔਰਤ ਦੀ ਮੌਤ ਤੋਂ ਬਾਅਦ ਤੋਤਾ ਬਿਲਕੁਲ ਚੁੱਪ ਹੋ ਗਿਆ ਸੀ। ਤੋਤੇ ਨੂੰ ਨੀਲਮ ਨਾਲ ਬਹੁਤ ਲਗਾਅ ਸੀ। ਤੋਤੇ ਦਾ ਸੁਭਾਅ ਦੇਖ ਕੇ ਪਰਿਵਾਰ ਵਾਲਿਆਂ ਨੂੰ ਸ਼ੱਕ ਹੋਇਆ, ਜਿਸ ਤੋਂ ਬਾਅਦ ਇਕ ਦਿਨ ਪਤੀ ਵਿਜੇ ਅਤੇ ਧੀ ਤੋਤੇ ਦੇ ਸਾਹਮਣੇ ਰੋਣ ਲੱਗੇ ਅਤੇ ਗੁੱਸੇ ਵਿਚ ਉਸ ਨੂੰ ਕਿਹਾ ਕਿ 'ਨੀਲਮ ਦਾ ਕਤਲ ਹੋ ਗਿਆਤੇ ਤੂੰ ਕੁਝ ਨਹੀਂ ਕਰ ਸਕਿਆ, ਦੱਸ ਕਿਸ ਨੇ ਨੀਲਮ ਨੂੰ ਮਾਰਿਆ'।' ਇਸ ਤੋਂ ਬਾਅਦ ਵਿਜੇ ਨੇ ਤੋਤੇ ਦੇ ਸਾਹਮਣੇ ਹੀ ਉਨ੍ਹਾਂ ਸਾਰੇ ਲੋਕਾਂ ਦੇ ਨਾਂ ਲਏ, ਜਿਨ੍ਹਾਂ 'ਤੇ ਉਸ ਨੂੰ ਸ਼ੱਕ ਸੀ, ਜਿਵੇਂ ਹੀ ਉਨ੍ਹਾਂ ਨੇ ਭਾਣਜੇ ਆਸ਼ੂ ਦਾ ਨਾਂ ਲਿਆ ਤਾਂ ਉਹ ਜ਼ੋਰ-ਜ਼ੋਰ ਨਾਲ ਰੌਲਾ ਪਾਉਣ ਲੱਗਾ।

# ਕਰਨਲ ਦੇ ਫਲੈਟ ਦਾ ਕਬਜ਼ਾ ਛੁਡਵਾਉਣ ਲਈ 40 ਲੱਖ ਦੀ ਮੰਗ ਕਰਨ ਦਾ ਮਾਮਲਾ: ਅਰਵਿੰਦ ਮਿਸ਼ਰਾ ਦਾ ਸਾਥੀ ਫਾਈਨਾਂਸਰ ਬਾਵਾ ਗ੍ਰਿਫ਼ਤਾਰ

**ਜਲੰਧਰ / ਐਸ ਐਸ ਚਾਹਲ**ਜਲੰਧਰ ਵਿਚ ਕਰਨਲ ਦੇ ਫਲੈਟ ਦਾ ਕਬਜ਼ਾ ਛੱਡਣ ਲਈ 40 ਲੱਖ ਦੀ ਮੰਗ ਕਰਨ ਦੇ ਮਾਮਲੇ ਵਿੱਚ ਭਾਜਪਾ ਦੇ ਸਾਬਕਾ ਆਗੂ ਅਰਵਿੰਦ ਮਿਸ਼ਰਾ ਦੇ ਭਗੌੜੇ ਫਾਈਨਾਂਸਰ ਦੋਸਤ ਹਰਮੀਤ ਸਿੰਘ ਬਾਵਾ ਨੂੰ ਥਾਣਾ ਸਦਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਸ਼ਨੀਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਹੁਣ ਤੱਕ ਪੁੱਛਗਿੱਛ 'ਚ ਦੋਸ਼ੀ ਨੇ ਮੰਨਿਆ ਕਿ ਮਿਸ਼ਰਾ ਉਸ ਦਾ ਦੋਸਤ ਹੈ ਅਤੇ ਉਹ ਪਹਿਲਾਂ ਫਲੈਟ ਕਿਰਾਏ 'ਤੇ ਲੈਂਦਾ ਸੀ ਅਤੇ ਫਿਰ ਮਿਸ਼ਰਾ ਨੂੰ ਕਬਜ਼ਾ ਦੇ ਦਿੰਦਾ ਸੀ। ਮਿਸ਼ਰਾ ਨੇ ਆਪ ਹੀ ਸਾਰੀ ਖੇਡ ਰਚੀ, ਉਹ ਤਾਂ ਸਿਰਫ਼ ਇੱਕ ਮੋਹਰਾ ਹੈ। ਮੁਲਜ਼ਮ ਨੇ ਮੰਨਿਆ ਕਿ ਉਹ ਫਾਈਨਾਂਸ ਦਾ ਕੰਮ ਕਰਦਾ ਹੈ ਪਰ ਜਦੋਂ ਉਸ ਨੂੰ ਪੁੱਛਿਆ ਗਿਆ ਕਿ ਪੈਸੇ ਕਿੱਥੋਂ ਆਉਂਦੇ ਹਨ ਤਾਂ ਉਹ ਚੁੱਪ ਰਿਹਾ। ਨਿਗਮ ਦੇ ਏਟੀਪੀ ਰਵੀ ਪੰਕਜ ਸ਼ਰਮਾ, ਭਾਜਪਾ ਆਗੂ ਅਰਵਿੰਦ ਮਿਸ਼ਰਾ ਅਤੇ ਸ਼ਿਵ ਸੈਨਾ ਆਗੂ ਕੁਨਾਲ ਕੋਹਲੀ ਨੂੰ ਵਿਜੀਲੈਂਸ ਵੱਲੋਂ ਮੁਹਾਲੀ ਵਿੱਚ ਪੁੱਛਗਿੱਛ ਕੀਤੀ ਗਈ, ਜਿਨ੍ਹਾਂ ਨੂੰ ਪੈਲੇਸ ਬਾਥ ਕੈਸਲ ਦੇ ਨਰਿੰਦਰ ਸਿੰਘ ਬਾਠ ਤੋਂ ਅੱਠ ਲੱਖ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਡੀਐਸਪੀ ਅਜੇ ਕਪਿਲਾ ਨੇ ਦੱਸਿਆ ਕਿ ਕੁਨਾਲ ਕੋਹਲੀ ਕੋਲ ਮਿਲਿਆ ਰਿਵਾਲਵਰ ਲਾਇਸੈਂਸੀ ਨਿਕਲਿਆ ਹੈ। ਵਿਜੀਲੈਂਸ ਜਲਦੀ ਹੀ ਰਿਪੋਰਟ ਤਿਆਰ ਕਰੇਗੀ ਤਾਂ ਜੋ ਲਾਇਸੈਂਸ ਰੱਦ ਕੀਤਾ ਜਾ ਸਕੇ। ਡੀਐਸਪੀ ਨੇ ਦੱਸਿਆ ਕਿ ਜਾਂਚ ਵਿੱਚ ਅਹਿਮ ਜਾਣਕਾਰੀਆਂ ਸਾਹਮਣੇ ਆਈਆਂ ਹਨ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਮਿਸ਼ਰਾ ਨੇ ਝੂਠੀਆਂ ਸ਼ਿਕਾਇਤਾਂ ਕਿਵੇਂ ਕੀਤੀਆਂ ਅਤੇ ਕਿਹੜੇ-ਕਿਹੜੇ ਅਧਿਕਾਰੀ ਉਸ ਦੇ ਗਰੋਹ ਨਾਲ ਮਿਲ ਕੇ ਬਲੈਕਮੇਲ ਕਰਕੇ ਪੈਸੇ ਵਸੂਲਣ ਦੀ ਸਾਜ਼ਿਸ਼ ਰਚਦੇ ਹਨ। ਇਸ ਮਾਮਲੇ 'ਚ ਭਗੌੜਾ ਸ਼ਿਵ ਸੈਨਾ ਨੇਤਾ ਆਸ਼ੀਸ਼ ਅਰੋੜਾ ਦਾ ਅਜੇ ਫੜਿਆ ਜਾਣਾ ਬਾਕੀ ਹੈ। ਦੱਸ ਦਈਏ ਕਿ ਮੰਗਲਵਾਰ ਰਾਤ ਮੋਹਾਲੀ ਤੋਂ ਵਿਜੀਲੈਂਸ ਦੀ ਫਲਾਇੰਗ ਸਕੁਐਡ ਟੀਮ ਨੇ ਏਟੀਪੀ ਰਵੀ ਪੰਕਜ ਸ਼ਰਮਾ, ਭਾਜਪਾ ਨੇਤਾ ਅਰਵਿੰਦ ਮਿਸ਼ਰਾ ਅਤੇ ਕੁਨਾਲ ਨੂੰ ਬਾਥ ਪੈਲੇਸ ਦੇ ਡਾਇਰੈਕਟਰ ਨਰਿੰਦਰ ਸਿੰਘ ਬਾਠ ਤੋਂ ਅੱਠ ਲੱਖ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਸੀ। ਉਸ ਦਾ ਚੌਥਾ ਸਾਥੀ ਆਸ਼ੀਸ਼ ਫਰਾਰ ਹੋ ਗਿਆ। ਇਕ ਫਲੈਟ ਕਿਰਾਏ 'ਤੇ ਲਿਆ ਸੀ ਅਤੇ ਅਰਵਿੰਦ ਮਿਸ਼ਰਾ ਨੇ ਉਸੇ ਪਤੇ 'ਤੇ ਆਧਾਰ ਕਾਰਡ ਬਣਵਾਇਆ ਸੀ।




# ਜਗਮੀਤ ਸਿੰਘ ਵੱਲੋਂ ਪੇਸ਼ ਮਤੇ ਅੱਗੇ ਮੂੰਹ-ਭਾਨੇ ਡਿੱਗੀ ਟਰੂਡੋ ਸਰਕਾਰ




**ਓਟਾਵਾ/ਲੋਕ ਬਾਣੀ**

ਕੈਨੇਡਾ ਵਿਚ ਵਿਦੇਸ਼ੀ ਦਖਲ ਦੇ ਮਸਲੇ 'ਤੇ ਜਨਤਕ ਪੜਤਾਲ ਕਰਵਾਉਣ ਦੀ ਮੰਗ ਕਰਦਾ ਮਤਾ ਹਾਊਸ ਆਫ ਕਾਮਨਜ਼ ਵਿਚ ਪਾਸ ਕਰ ਦਿਤਾ ਗਿਆ। ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਵੱਲੋਂ ਲਿਆਂਦੇ ਮਤੇ ਦੇ ਹੱਕ ਵਿਚ 172 ਅਤੇ ਵਿਰੋਧ ਵਿਚ 149 ਵੋਟਾਂ ਪਈਆਂ।